**ਵਸਨਿਸ਼ਠ ਪ੍ਰਸ਼ਨ (ਅਭਿਆਸ) - ਪੰਜਾਬੀ ਲਾਜ਼ਮੀ (10+2)**

## ਪਾਠ -1 ਪੰਜਾਬੀ ਸੱਭਿਆਚਾਰ(ਡਾ ਬਰਿੰਦਰ ਕੌਰ)

( ੳ ) ਜਿੱਥੇ ਪੰਜਾਬੀ ਸੱਭਿਆਚਾਰ ਦੀ ਪ੍ਰਕ੍ਰਿਤੀ ਸਧਾਰਨ ਜਾਪਦੀ ਹੈ ਉੱਥੇ ਇਸ ਦਾ ਅਧਿਐਨ ਕਰਦੇ ਸਮੇਂ ਅਸੀਂ ਕੀ ਮਹਿਸੂਸ ਕਰਦੇ ਹਾਂ ।
**ਇੱਕ ਜਟਿਲ ਵਰਤਾਰਾ**

( ਅ ) ਸੱਭਿਆਚਾਰ ਨਿਸ਼ਚੇ ਹੀ ਉਸ , **ਕੌਮ** ਦੇ ਜੀਵਨ ਨਾਲ ਜੁੜੇ ਵੱਖ - ਵੱਖ ਵਿਚਾਰਾਂ ਮਨੌਤਾਂ , ਰਹਿਣ - ਸਹਿਣ , ਕਦਰਾਂ - ਕੀਮਤਾਂ,**ਰੀਤੀ ਰਿਵਾਜ** ਪਹਿਰਾਵੇ, ਬੋਲੀ ਅਤੇ ਤਿੱਥ - ਤਿਉਹਾਰ ਦਾ **ਸੁਮੇਲ** ਹੈ ।

(ੲ ) ਸੱਭਿਆਚਾਰ ਕਿਹੜੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ? **ਸੱਭਯ +ਆਚਾਰ**

( ਸ ) ਅੰਗਰੇਜ਼ੀ ਭਾਸ਼ਾ ਵਿੱਚ ਸੱਭਿਆਚਾਰ ਲਈ ਕਲਚਰ ਸ਼ਬਦ ਵਰਤਿਆ ਜਾਂਦਾ ਹੈ । **ਹਾਂ**

( ਹ ) ਇਸ ਪਾਠ ਦੇ ਆਧਾਰ ਤੇ ਦੱਸ ਕਿ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਉੱਤੇ ਕਿਹੜੇ ਵੇਦ ਦੀ ਰਚਨਾ ਕੀਤੀ ਗਈ ? **ਰਿਗਵੇਦ**

( ਕ ) ਰਿਗਵੇਦ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ । **ਸਪਤ ਸਿੰਧੂ**

( ਖ ) ਅਣਵੰਡੇ ਪੰਜਾਬ ਵਿਚਲੇ ਪੰਜ ਦਰਿਆਵਾਂ ਵਿੱਚੋਂ ਅਜੰਕੇ ਪੰਜਾਬ ਵਿੱਚ ਕਿੰਨੇ ਦਰਿਆ ਰਹਿ ਗਏ ਹਨ ? **ਢਾਈ**

( ਗ ) ਭਾਰਤ ਅਤੇ ਪਾਕਿਸਤਾਨ ਦੀ ਵੰਡ ਕਦੇ ਹੋਈ ? **1947**

(ਘ) ਹਿਮਾਚਲ ਅਤੇ ਹਰਿਆਣਾ ਕਦੇ ਹੋਂਦ ਵਿੱਚ ਆਏ । **1 ਨਵੰਬਰ, 1966**

(ਙ)ਰਿਗਵੇਦ ਦੀ ਰਚਨਾ ਦੇ ਨਾਲ਼ - ਨਾਲ਼ ਕਿਹੜੇ ਨਿਯਮਾਂ ਵਿਆਕਰਨ ਗ੍ਰੰਥ ਦੀ ਰਚਨਾ ਇਸ ਧਰਤੀ 'ਤੇ ਹੋਈ।
**ਪਾਣਿਨੀ ਦਾ ਨਿਯਮਬੱਧ ਵਿਆਕਰਨ - ਗ੍ਰੰਥ**

## ਪਾਠ - 2..ਪੰਜਾਬ ਦੇ ਮੇਲੇ ਤੇ ਤਿਉਹਾਰ(ਡਾ. ਐੱਸ. ਐੱਸ. ਵਣਜਾਰਾ ਬੇਦੀ)

( ੳ ) ਮੇਲੇ ਦਾ ਹਰ ਦ੍ਰਿਸ਼ ਮਨਮੋਹਣਾ ਅਤੇ ਲੁਭਾਵਣਾ ਹੋਣ ਦੇ ਨਾਲ ਹੋਰ ਕਿਸ ਚੀਜ਼ ਦੀ ਪ੍ਰਤੀਨਿਧਤਾ ਕਰਦਾ ਹੈ ? **ਸੱਭਿਆਚਾਰ**

( ਅ ) ਪੰਜਾਬ ਦੇ ਬਹੁਤੇ ਮੇਲੇ ਮੌਸਮਾਂ , ਰੁੱਤਾਂ ਤਿਉਹਾਰਾਂ ਨਾਲ ਸੰਬੰਧਿਤ ਹਨ । **ਹਾਂ**

(ੲ ) ਗੁਰੂ ਗੋਬਿੰਦ ਸਿੰਘ ਜੀ ਹੋਲੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਯੋਧਿਆਂ ਦੇ ਦਲ ਬਣਾ ਕੇ ਕੀ ਕਰਵਾਉਂਦੇ ਸਨ ? **ਜੰਗੀ - ਮੁਕਾਬਲੇ**

( ਸ ) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ । **ਗੁੱਗੇ ਦੀ ਯਾਦ**

( ਹ ) ਮਹਿੰਜੋਦੜੋ ਤੇ ਹੜੱਪਾ ਦੀ ਖੁਦਾਈ ਕਰਦੇ ਸਮੇਂ ਲੱਭੀਆਂ ਮੂਰਤੀਆਂ ਵਿੱਚੋਂ ਇੱਕ ਮੂਰਤੀ ਕਿਸ ਦੀ ਸੀ ? **ਦੇਵੀ ਮਾਤਾ ਦੀ**

( ਕ ) ਜਰਗ ਦਾ ਮੇਲਾ ਕਿੱਥੇ ਅਤੇ ਕਿਸ ਨੂੰ ਪਤਿਆਉਣ ਲਈ ਲੱਗਦਾ ਹੈ ? **ਜਰਗ ਪਿੰਡ ਵਿੱਚ, ਸੀਤਲ਼ਾ ਮਾਤਾ (ਦੇਵੀ) ਨੂੰ**

( ਖ ) ਇਸ ਮੇਲੇ ਦਾ ਨਾਂ **ਰੋਸ਼ਨੀ** ਇਸ ਲਈ ਪਿਆ ਕਿ ਮੇਲੇ ਦੇ ਦਿਨੀਂ **ਅਬਦੁੱਲ ਕਾਦਰ ਜਿਲਾਨੀ** ਦੀ ਕਬਰ ਉੱਤੇ ਅਨੇਕਾਂ **ਚਿਰਾਗ** ਬਾਲੇ ਜਾਂਦੇ ਹਨ ।

( ਗ ) ਮਾਘੀ ਵਾਲੇ ਦਿਨ ਮੁਕਤਸਰ ਦੇ ਪਾਵਨ ਸਰੋਵਰ ਵਿੱਚ ਸੰਗਤਾਂ ਕੀ ਕਰਦੀਆਂ ਹਨ ?( ਮੱਥਾ ਟੇਕਦੀਆਂ ਹਨ , **ਇਸ਼ਨਾਨ ਕਰਦੀਆਂ ਹਨ** )

( ਘ ) ਰੁੱਤ ਦਾ ਸੁਆਦ ਮਾਣਨ ਲਈ ਨਵੀਂ ਕਣਕ ਦੀਆਂ ਬੱਲੀਆਂ ਅਤੇ ਛੋਲਿਆਂ ਦੀਆਂ ਹੋਲ਼ਾ ਭੁੰਨ ਕੇ ਕਿਹੜੇ ਮਹੀਨੇ ਖਾਧੀਆਂ ਜਾਂਦੀਆਂ ਹਨ ।
(**ਚੇਤਰ** / ਅੱਸੂ )

## ਪਾਠ – 3. ਪੰਜਾਬ ਦੇ ਰਸਮ - ਰਿਵਾਜ ( ਸ੍ਰੀ ਗੁਲਜਾਰ ਸੰਧੂ)

( ੳ) ਪੰਜਾਬ ਦੇ ਰਸਮ - ਰਿਵਾਜ ਦੇ ਆਧਾਰ ' ਤੇ ਦੱਸੋ ਕਿ ਜੀਵਨ - ਨਾਟਕ ਦੀਆਂ ਝਾਕੀਆਂ ਦੇ ਰੰਗ - ਮੰਚ ਆਮ ਤੌਰ ' ਤੇ ਕਿਹੜੇ ਹੁੰਦੇ ਹਨ ।
**ਜਨਮ, ਵਿਆਹ ਤੇ ਮੌਤ**

( ਅ ) ਮੁਢਲਾ ਮਨੁੱਖ ਬਹੁਤ ਸਾਰੇ ਸੰਸਕਾਰਾਂ ਦਾ ਅਰੰਭ ਕਰਨ ਸਮੇਂ ਦੇਵੀ ਤਾਕਤਾਂ ਨੂੰ ਕਿਉਂ ਰਿਝਾਉਂਦਾ ਸੀ । **ਭੈ ਕਾਰਨ**

(ੲ ) ਪੰਜਾਬ ਦੇ ਰਸਮ - ਰਿਵਾਜਾਂ ਦੀ ਸਾਂਭ - ਸੰਭਾਲ਼ ਦਾ ਵਰਨਣ ਕਰਨਾ ਕਿਉਂ ਜ਼ਰੂਰੀ ਹੋ ਗਿਆ ਹੈ ? **ਅਲੋਪ ਹੋਣ ਦੇ ਡਰ ਕਾਰਨ**

( ਸ ) ਬਿਰਖ ਦੀ ਟਾਹਣੀ ਜਾਂ ਹਰੀ ਘਾਹ ਜਿਸਨੂੰ ਦੱਭ ਵੀ ਕਹਿੰਦੇ ਹਨ , ਚੰਗੇ ਸ਼ਗਨਾਂ ਦੀ ਸੂਚਕ ਮੰਨੀ ਜਾਂਦੀ ਹੈ । **ਹਾਂ**

( ਹ ) ਬੱਚੇ ਦੇ ਜਨਮ ਤੋਂ ਬਾਅਦ ਕਿਹੜੀਆਂ ਦੋ ਰਸਮਾਂ ਕੀਤੀਆਂ ਜਾਂਦੀਆਂ ਹਨ । **ਗੁੜਤੀ ਤੇ ਛਟੀ**
( ਕ ) ਹਿੰਦੂ ਪਰਿਵਾਰਾਂ ਵਿੱਚ ਬੱਚੇ ਦਾ ਮੁੰਡਨ - ਸੰਸਕਾਰ ਕਦੋਂ ਕੀਤਾ ਜਾਂਦਾ ਹੈ ? **ਤੀਜੇ ਤੋ ਪੰਜਵੇ ਵਰੇ ਵਿਚ**
( ਖ ) ਅੱਜ - ਕੱਲ੍ਹ ਕੁੜੀਆਂ ਮਾਪਿਆਂ ਉੱਤੇ ਭਾਰ ਨਾ ਹੋਣ ਕਾਰਨ , ਉਹਨਾਂ ਦਾ ਘਰ ਵਿੱਚ ਕੀ ਸਥਾਨ ਬਣ ਗਿਆ ਹੈ ? **ਸਤਿਕਾਰਯੋਗ**
( ਗ ) ਮੁੰਡੇ - ਕੁੜੀ ਦੇ ਜਵਾਨ ਹੁੰਣ ' ਤੇ ਵਿਆਹ ਤੋਂ ਪਹਿਲਾਂ ਕਿਹੜੀ ਰਸਮ ਕੀਤੀ ਜਾਂਦੀ ਹੈ ? **ਰੋਕਣ ਦੀ/ਠਾਕਣ ਦੀ**
( ਘ ) ਵਿਆਹ ਤੋਂ ਪਹਿਲਾਂ ਉਹ ਕਿਹੜੀ ਵੱਡੀ ਰੀਤ ਹੈ ਜਿਹੜੀ ਬੰਨੜੇ ਅਤੇ ਬੰਨੜੀ ਦੋਹਾਂ ਲਈ ਕੀਤੀ ਜਾਂਦੀ ਹੈ । **ਵੱਟਣੇ ਜਾਂ ਮਾਈਏ ਦੀ**
( ਙ) ਸ਼ਗਨ ਪੁਆਉਣ ਵਾਲੀ ਕੁੜੀ ਲਈ ਲਾਲ ਪ੍ਰਾਪਤੀ ਕਿਸ ਚੀਜ਼ ਦੀ ਨਿਸ਼ਾਨੀ ਮੰਨੀ ਜਾਂਦੀ ਹੈ ? **ਸ਼ਗਨਾਂ ਦੀ**
( ਚ ) ਹੰਗਾਮੇ ਸਮੇਂ ਕਿਹੜੀ ਰਸਮ ਕੀਤੀ ਜਾਂਦੀ ਹੈ ? **ਦਸਤਾਰਬੰਦੀ ਦੀ**
( ਛ ) ਮੁਸਲਮਾਨ ਮਿਰਤਕ ਦੇਹ ਲਈ ਕਿਹੜੀ ਰਸਮ ਕਰਦੇ ਹਨ । **ਦਫ਼ਨਾਉਂਦੇ ਹਨ।**
(ਜ) **ਕਪਾਲ ਕਿਰਿਆ** ਤੋਂ ਪਿੱਛੋਂ ਅਰਥੀ ਨਾਲ ਆਏ ਸਾਰੇ ਬੰਦੇ **ਚਿਖਾ** ਦੇ ਬਾਹਰ ਪਏ **ਬਾਲਣ** ਦੇ ਤੀਲਿਆਂ ਨੂੰ ਚਿਖਾ ਉੱਤੇ ਸੁੱਟਦੇ ਹਨ ।

## ਪਾਠ – 4. ਪੰਜਾਬ ਦੀਆਂ ਲੋਕ - ਖੇਡਾਂ (ਸ੍ਰੀ ਸੁਖਦੇਵ ਮਾਧਪੁਰੀ)

( ੳ ) ਪੰਜਾਬ ਦੀਆਂ ਲੋਕ - ਖੇਡਾਂ ਦੇ ਆਧਾਰ ਤੇ ਦੱਸੋ ਕਿ ਲੋਕ - ਖੇਡਾਂ ਪੰਜਾਬੀ ਲੋਕ - ਜੀਵਨ ਦਾ ਕਿਹੜਾ ਅੰਗ ਰਹੀਆਂ ਹਨ ? ਅਨਿੱਖੜਵਾਂ
( ਅ ) ਖੇਡਣਾ ਇੱਕ ਸਹਿਜ ਕਰਮ ਹੈ । ਦੱਸੋ । ( ਹਾਂ / ਨਹੀਂ ) ਹਾਂ
( ੲ ) ਇਸ ਪਾਠ ਦੇ ਆਧਾਰ ' ਤੇ ਦੱਸੋ ਕਿ ਪੰਜਾਬੀਆਂ ਦਾ ਸੁਭਾਅ , ਰਹਿਣ - ਸਹਿਣ , ਖਾਣ - ਪੀਣ ਅਤੇ ਨੈਤਿਕ ਕਦਰਾਂ - ਕੀਮਤਾਂ ਕਿਸ ਵਿੱਚੋਂ ਝਲਕਦੀਆਂ ਹਨ ?
ਲੋਕ-ਖੇਡਾਂ ਵਿੱਚੋਂ
( ਸ ) ਉੱਕੜ - ਦੁੱਕੜ ਭੰਬਾ ਭੌ ,
ਅੱਸੀ ਨੱਬੇ ਪੂਰਾ ਸੌ ।
………………………

……………………..

ਖੋਟੇ ਦੀ ਖੁਟਿਆਈ ,
ਬੇਬੇ ਦੌੜੀ - ਦੌੜੀ ਆਈ ।
ਉਪਰੋਕਤ ਗੀਤ ਬੱਚੇ ਕਦੋਂ ਗਾਉਂਦੇ ਹਨ ? ਆੜੀ ਅਲੋਕਣ ਭਾਵ ਆੜੀ ਚੁਣਨ ਸਮੇਂ
( ਹ ) ' ਕੁਸ਼ਤੀਆਂ ਪੁਰਾਤਨ ਸਮੇਂ ਤੋਂ ਹੀ <u>ਪੰਜਾਬੀਆਂ</u> ਲਈ <u>ਖਿੱਚ ਭਰਭੂਰ</u> ਰਹੀਆਂ ਹਨ । ਉਪਰੋਕਤ ਸਤਰਾਂ ਪੂਰੀਆਂ ਕਰੋ ।
( ਕ ) ਪੰਜਾਬੀਆਂ ਦੀ ਕਬੱਡੀ ਖੇਡ ਜਿਸ ਰਾਹੀਂ ਪੰਜਾਬੀਆਂ ਦੇ ਸੁਭਾਅ ਅਤੇ ਉਹਨਾਂ ਦੇ ਸਰੀਰਿਕ ਬਲ ਦਾ ਪ੍ਰਗਟਾਵਾ ਹੁੰਦਾ ਹੈ , ਨੂੰ ਕਿਹੜੇ ਨਾਂ ਨਾਲ਼ ਸਨਮਾਨਿਤ ਕੀਤਾ ਗਿਆ ਹੈ ? ਰਾਸ਼ਟਰੀ ਖੇਡ
( ਖ ) ਪੰਜਾਬੀ ਜੁਆਨਾਂ ਦੀ ਮਨਪਸੰਦ ਖੇਡ ਦਾ ਨਾਂ ਦੱਸੋ । ਸੌਂਚੀ ਪੱਕੀ
( ਗ ) " ਅੱਡੀ - ਛੜੱਪਾ ਜਾਂ ਅੱਡੀ - ਟੱਪਾ ਕੁੜੀਆਂ ਦੀ ਹਰਮਨ - ਪਿਆਰੀ ਖੇਡ ਹੈ । (ਹਾਂ / ਨਹੀਂ ) ਹਾਂ
( ਘ ) ਮੁੰਡੇ ਅਤੇ ਕੁੜੀਆਂ ਦੀ ਹਰਮਨ - ਪਿਆਰੀ ਖੇਡ ਕਿਹੜੀ ਹੈ ? ਸ਼ੱਕਰ - ਭਿੱਜੀ
( % ) ਇਸ ਪਾਠ ਦੇ ਆਧਾਰ ' ਤੇ ਦੱਸੋ ਕਿ ਮੁੰਡੇ ਤੇ ਕੁੜੀਆਂ ਸਿਆਲ਼ ਦੀ ਰੁੱਤ ਵਿੱਚ ਕਿਹੜੀ ਖੇਡ ਖੇਡਦੇ ਹਨ ? ਬਾਂਦਰ - ਕਿੱਲਾ

## ਪਾਠ - 5 .ਪੰਜਾਬ ਦੇ ਲੋਕ - ਕਿੱਤੇ ਅਤੇ ਲੋਕ-ਕਲਾਵਾਂ ( ਸ੍ਰੀ ਕਿਰਪਾਲ ਕਜ਼ਾਕ)

1. ਕਿਹੜੇ ਕਿੱਤਿਆ ਦੀ ਮੁਹਾਰਤ ਕਾਰਨ ਸਮਾਜ ਦਾ ਵਿਕਾਸ ਸੰਭਵ ਹੋ ਸਕਿਆ ਹੈ? ਲੋਕ- ਕਿੱਤੇ
2. ਸੰਸਕ੍ਰਿਤ ਵਿੱਚ ਹੱਥ ਨੂੰ ਕੀ ਕਿਹਾ ਜਾਂਦਾ ਹੈ ? ਕਰ
3. ਲੋਕ - ਕਿੱਤਾ ਕਿਸ ਨੂੰ ਕਿਹਾ ਜਾਂਦਾ ਹੈ ? ਪਿਤਾ-ਪੁਰਖੀ ਕੰਮ ਨੂੰ
4. ਘੜਾ , ਚਾਟੀ , ਬਲਣੀ , ਕੁੱਜਾ , ਦੀਵਾ , ਚੱਪਣ , ਮੱਟ , ਵਲਟੋਹੀ ਆਦਿ ਵਸਤਾਂ ( ਭਾਂਡੇ ) ਕੌਣ ਬਣਾਉਂਦਾ ਹੈ ? ਘੁਮਿਆਰ
5. ਸਰੋਂ , ਤਾਰਾਮੀਰਾ , ਵੜੇਵੇਂ ਆਦਿ ਬੀਜਾਂ ਵਿੱਚੋਂ ਕੀ ਨਿਕਲਦਾ ਹੈ ? ਤੇਲ
6 , ਬਾਗ਼ ਅਤੇ ਫੁਲਕਾਰੀ ਦੀ ਕਢਾਈ ਕਿਸ ਕੱਪੜੇ ਉੱਪਰ ਕੀਤੀ ਜਾਂਦੀ ਸੀ ? ਰੰਗੇ ਹੋਏ ਖੱਦਰ ਉੱਪਰ
7. ਮਨੁੱਖ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਦੇ ਸੁਹਜ , ਸਾਦਗੀ ਅਤੇ ਕਲਾਤਮਿਕ ਗੁਣਾਂ ਕਰ ਕੇ ਕਿਸ ਕਲਾ ਦਾ ਜਨਮ ਹੋਇਆ ? ਲੋਕ- ਕਲਾਂ ਦਾ
8. ਸ਼ਾਸਤਰੀ ਕਲਾ ਦੇ ਨਿਯਮ ਕਿਹੋ - ਜਿਹੇ ਹੁੰਦੇ ਹਨ ? ਲਿਖ਼ਤੀ
9. ਵਿਆਹ ਵਿੱਚ ਫੇਰਿਆਂ ਸਮੇਂ ਲਾੜੀ ਸਿਰ ਉੱਪਰ ਕਿਹੜਾ ਕੱਪੜਾ ਲੈਂਦੀ ਹੈ **?** ਸੁੱਭਰ
10. ਕਾਗ਼ਜ਼ ਜਾਂ ਗੱਤਾ ਰਲਾ ਕੇ ਬਣਾਏ ਬੋਹੀਏ ਅਤੇ ਗੋਹਟੇ ਕਿਹੜੀ ਮਿੱਟੀ ਤੋਂ ਬਣਾਏ ਜਾਂਦੇ ਹਨ ? ਪਾਂਡੋ (ਚੀਕਣੀ) ਮਿੱਟੀ ਤੋਂ
11. ਇਸਤਰੀਆਂ ਸ਼ਤੀਰਾਂ , ਕੁੜੀਆਂ ਥੱਲੇ , ਕੰਧਾਂ ਉੱਤੇ ਨੀਲ , ਸ਼ਿਗਰਫ , ਪੀਲੀ ਮਿੱਟੀ , ਕਾਲ਼ਖ ਜਾਂ ਹਿਰਮਚੀ ਨਾਲ਼ ਕੀ ਵਾਹੁੰਦੀਆਂ ਹਨ ?
ਕਈ ਪ੍ਰਕਾਰ ਦੇ ਨਮੂਨੇ
12 , ਪੰਜਾਬ ਦੀਆਂ ਲੋਕ - ਕਲਾਵਾਂ ਵਿੱਚ ਵਰਤੀ ਜਾਣ ਵਾਲੀ ਸਮਗਰੀ ਕਿੱਥੋਂ ਪ੍ਰਾਪਤ ਕੀਤੀ ਜਾਂਦੀ ਹੈ ?
ਚੌਗਿਰਦੇ ਵਿੱਚੋਂ /ਆਲੇ-ਦੁਆਲੇ ਵਿੱਚੋਂ

## ਪਾਠ – 6. ਪੰਜਾਬ ਦੇ ਲੋਕ - ਨਾਚ (ਡਾ. ਜਗੀਰ ਸਿੰਘ ਨੂਰ)

( ੳ ) ਪੰਜਾਬ ਦੇ ਲੋਕ - ਨਾਚ ਕਿਸ ਪ੍ਰਕਾਰ ਦੀ ਕਲਾ ਹਨ ? ਲੋਕ – ਕਲਾ

( ਅ ) ਪੰਜਾਬ ਵਿੱਚ ਪੰਜ ਹਜ਼ਾਰ ਪੂਰਵ ਈਸਵੀ ਤੋਂ ਕਿਹੜੇ ਨਾਚ ਨੱਚਣ ਦੀ ਪਰੰਪਰਾ ਦੇ ਪ੍ਰਮਾਣ ਮਿਲ਼ਦੇ ਹਨ ? ਲੋਕ ਨਾਚ
( ੲ ) ਪੰਜਾਬ ਦੇ ਸਮੁੱਚੇ ਲੋਕ - ਨਾਚ ਲੋਕਿਕ ਪ੍ਰਕਿਰਤੀ ਦੇ ਧਾਰਨੀ ਹਨ । ( ਹਾਂ / ਨਹੀਂ ) ਉੱਤਰ- ਹਾਂ
( ਸ ) ਪੰਜਾਬ ਦੇ ਲੋਕ - ਨਾਚਾਂ ਦਾ ਵਰਗੀਕਰਨ ਕਿਹੜੇ ਦੋ ਪੱਧਰਾਂ ' ਤੇ ਕੀਤਾ ਜਾ ਸਕਦਾ ਹੈ । ਇਸਤਰੀਆਂ ਦੇ ਲੋਕ- ਨਾਚ, ਮਰਦਾਵੇਂ ਲੋਕ-ਨਾਚ ,
( ਹ ) ਇਸਤਰੀਆਂ ਦੇ ਲੋਕ - ਨਾਚਾਂ ਦੇ ਨਾਂ ਦੱਸੋ।। ਗਿੱਧਾ , ਕਿੱਕਲੀ , ਸੰਮੀ
( ਕ ) ਸੰਮੀ ਮਰੀ ਵਣ......ਕੂ ਤਾਂ ਮੇਰੇ ਵੀਰ ਦੀ ਵਣ ਸੰਮੀਆਂ ਸੰਮੀ ਮੇਰੀ ਵਣ ...

ਖਾਵਣ ਵਾਲ਼ੇ ਆ ਗਏ , ਵਣ ਸੰਮੀਆਂ । ਉਪਰੋਕਤ ਗੀਤ ਕਿਸ ਲੋਕ - ਨਾਚ ਦੀਆਂ ਸਤਰਾਂ ਹਨ .। ਸੰਮੀ
( ਖ ) ਪੱਛਮੀ ਪੰਜਾਬ ਵਿੱਚ ਕਿਹੜਾ ਲੋਕ - ਨਾਚ ਮਰਦਾਂ ਤੇ ਔਰਤਾਂ ਦੋਹਾਂ ਵੱਲੋਂ ਨੱਚਿਆ ਜਾਂਦਾ ਸੀ ? ਗਿੱਧਾ

( ਗ ) ਮਰਦਾਂ ਦੇ ਲੋਕ - ਨਾਚਾਂ ਦੇ ਨਾਂ ਦੱਸੋ ? ਭੰਗੜਾ , ਝੂਮਰ ,ਮਰਦਾਂ ਦਾ ਗਿੱਧਾ
( ਘ ) ਉਹ ਕਿਹੜਾ ਲੋਕ - ਸਾਜ਼ ਹੈ ਜਿਸਦੀ ਸਰਲ ਤਾਲ ' ਤੇ ਲੋਕ - ਨਾਚ ਭੰਗੜਾ ਨੱਚਿਆ ਜਾਂਦਾ ਹੈ । ਢੋਲ
( ਙ ) ਭੰਗੜੇ ਦੀ ਟੋਲੀ ਵਿੱਚ ਬੋਲੀ ਕੌਣ ਪਾਉਂਦਾ ਹੈ ? ਕੋਈ ਨਚਾਰ , ਢੋਲਚੀ ਜਾਂ ਲਾਕੜੀ
( ਚ ) ਮਰਦਾਂ ਦਾ ਉਹ ਕਿਹੜਾ ਨਾਚ ਹੈ ਜਿਸ ਨੂੰ ਇਸਤਰੀ - ਨਾਚ ਵੀ ਸਮਝ ਲਿਆ ਜਾਂਦਾ ਹੈ ? ਲੁੱਡੀ

## ਪਾਠ -7. ਪੰਜਾਬ ਦੇ ਨਕਲਾਂ ( ਪਿਆਰਾ ਸਿੰਘ ਖੁੰਡਾ)

( ੳ ) ਪੰਜਾਬ ਦੀਆਂ ਲੋਕ - ਨਕਲਾਂ ਪਾਠ ਦੇ ਆਧਾਰ ' ਤੇ ਦੱਸ ਕਿ ਲੋਕ , ਲੋਕ - ਨਕਲਾਂ ਨੂੰ ਹੋਰ ਕੀ ਕਹਿੰਦੇ ਹਨ ? ਭੰਡ-ਭੰਡੋਤੀ '
( ਅ ) ਨਕਲਾਂ ਕਰਨ ਵਾਲੇ ਕਲਾਕਾਰ ਨੂੰ ਕੀ ਕਿਹਾ ਜਾਂਦਾ ਹੈ ? ਨਕਲੀਆਂ
(ੲ) ਕੁਝ ਖੋਜੀਆਂ ਦਾ ਵਿਚਾਰ ਹੈ ਕਿ ਸੁਆਂਗੀ ਅਨਆਰੀਆ ਭਾਰਤ ਜਾਤੀ ਵਿੱਚੋ ਸਨ ? ਹਾਂ ਜਾਂ ਨਹੀਂ ਹਾਂ
( ਸ ) ਉਹ ਕਿਹੜੀ ਨਕਲ ਹੈ ਜਿਸਨੂੰ ਦੋ ਹੀ ਕਲਾਕਾਰ ਖੇਡਦੇ ਹਨ ? ਨਿੱਕੀਆਂ ਨਕਲਾਂ
( ਹ ) ਕਿਹੜੀਆਂ ਨਕਲਾਂ ਨੂੰ ਖੇਡਣ ਵਾਲੇ ਪਾਤਰ ਰੰਗਾ ਅਤੇ ਬਿਗਲਾ ਹੁੰਦੇ ਹਨ ਲੰਮੀਆਂ ਨਕਲਾਂ
( ਕ ) ਪੈਸੇ ਮਿਲ਼ਨ ' ਤੇ ਨਕਲ ਨੂੰ ਉੱਥੇ ਰੋਕ ਕੇ ਪੈਸੇ ਦੇਣ ਵਾਲੇ ਦੀ ਉੱਚੀ ਹੇਕ ਵਿੱਚ .......ਕਰਦੇ ਹਨ । ਵੇਲ
( ਖ ) ਪੰਜਾਬੀ ਸੱਭਿਆਚਾਰ ਅਨੁਸਾਰ ਨਕਲਾਂ ਮੁੱਖ ਤੌਰ ' ਤੇ ਕਿਹੜੇ - ਕਿਹੜੇ ਸਮੇਂ ' ਤੇ ਖੇਡੀਆਂ ਜਾਂਦੀਆਂ ਹਨ ।
ਮੁੰਡੇ ਦਾ ਜਨਮ /ਮੁੰਡੇ ਦਾ ਵਿਆਹ/ਮੇਲੇ ਤੇ ਤਿਉਹਾਰ
( ਗ ) ਵਿਆਹ ਹੋਣ ' ਤੇ ਭੰਡ ਕਿਹੜੇ ਦਿਨ ਤਬਲਾ ਆ ਖੜਕਾਉਂਦੇ ਹਨ ? ਵਿਆਹ ਤੋਂ ਅਗਲੇ ਦਿਨ
( ਘ ) ਕਦੀ - ਕਦੀ ਮੇਲੇ , ਤਿਉਹਾਰ ਉੱਤੇ ਕੌਣ ਲੋਕ ਇਕੱਠੇ ਹੋ ਕੇ ਨਕਲੀਆਂ ਨੂੰ ਸੱਦ ਲੈਂਦੇ ਹਨ ਆਮ ਲੋਕ
( ਙ ) ਆਧੁਨਿਕ ਤਕਨਾਲੋਜੀ ਕਰਕੇ ਮਨੋਰੰਜਨ ਦੇ ਨਵੇਂ ਸਾਧਨ ਵਧਣ ਦੇ ਬਾਵਜੂਦ ਲੋਕ ਨਕਲੀਆਂ ਨੂੰ ਕਿਵੇਂ ਵੇਖਦੇ ਹਨ ?
ਬੜੀ ਦਿਲਚਸਪੀ ਨਾਲ

## ਪਾਠ -8. ਪੰਜਾਬੀ ਸੱਭਿਆਚਾਰਿਕ ਪਰਿਵਰਤਨ ( ਡਾ ਰਜਿੰਦਰ ਪਾਲ ਸਿੰਘ ਬਰਾੜ )

(ੳ ) ' ਪੰਜਾਬੀ ਸੱਭਿਆਚਾਰਿਕ ਪਰਿਵਰਤਨ ' ਪਾਠ ਦੇ ਆਧਾਰ ' ਤੇ ਦੱਸੋ ਕਿ ਇਸ ਵਿੱਚ ਵਗਦਾ ਦਰਿਆ ਕਿਸ ਨੂੰ ਕਿਹਾ ਗਿਆ ਹੈ । ਸਭਿਆਚਾਰ
( ਅ ) ਨਵੇਂ ਸੱਭਿਆਚਾਰ ਪੱਖੀ ਕਈ ਵਾਰ ਆਪਣੇ ਵਿਰਸੇ ਨੂੰ ਵੀ ਭੁੱਲ ਜਾਂਦੇ ਹਨ । ਹਾਂ | ਨਹੀਂ । ਹਾਂ
( ੲ ) ਪੰਜਾਬੀ ਸੱਭਿਆਚਾਰ ਦੇ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਕੀ ਸਮਝਿਆ ਜਾਂਦਾ ਸੀ ? ਪੈਰ ਦੀ ਜੁੱਤੀ
( ਸ ) ਸਾਡੇ ਪੰਜਾਬੀ ਸੱਭਿਆਚਾਰ ' ਤੇ ਕਿਹੜੀ ਚੀਜ਼ ਦਾ ਵੱਡਾ ਧੱਬਾ ਹੈ। ਸ਼ਰਾਬ ਤੇ ਨਸ਼ੇ
( ਹ ) ਪਿੰਡਾਂ ਵਿੱਚ ਸਾਉਣ ਮਹੀਨੇ ਪੂਰਾ . <u>ਪੰਦਰਵਾੜਾ</u> .ਲੱਗਣ ਵਾਲੀਆਂ ਤੀਆਂ ਵਿਆਹੀਆਂ ਕੁੜੀਆਂ ਦੇ ਮਿਲ਼ਨ ਦਾ ਸਾਧਨ ਅਤੇ ਕੁਆਰੀਆਂ ਕੁੜੀਆਂ ਲਈ <u>ਗਿੱਧਾ</u> ਸਿੱਖਣ ਦੀ ਵਰਕਸ਼ਾਪ ਸੀ ।,
( ਕ ) ਪੰਜਾਬੀਆਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਵਧਿਆ ਹੈ । (ਹਾਂ ਜਾਂ ਨਹੀਂ ) ਹਾਂ
( ਖ ) ਨਵੀਂ ਪੀੜ੍ਹੀ ਕਿਹੜੇ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ । ਸੰਚਾਰ - ਸਾਧਨਾਂ ਦੀ।
( ਗ ) ਪਲਾਸਟਿਕ ਦੇ ਲਿਫ਼ਾਫ਼ਿਆਂ ਤੋਂ ਕਿਵੇਂ ਨਿਜਾਤ ਮਿਲ ਸਕਦੀ ਹੈ ? ਝੋਲੇ ਦੀ ਪਰੰਪਰਾ ਨਾਲ
( ਘ ) ਉਹ ਕਿਹੜੀ ਭਾਸ਼ਾ ਹੈ ਜੋ ਸੱਭਿਆਚਾਰਿਕ ਕਲਾਵਾਂ ਦੀ ਅੰਤਰਰਾਸ਼ਟਰੀ ਮੰਡੀ ਬਣ ਗਈ ? ਅੰਗਰੇਜ਼ੀ
(ਙ) ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਕਿਸ ਲਿਪੀ ਵਿੱਚ ਲਿਖੀ ਜਾਂਦੀ ਹੈ । ਗੁਰਮੁਖੀ ਅਤੇ ਸ਼ਾਹਮੁਖੀ
( ਚ ) ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਤੇ ਅਭਿਮਾਨ ਕਰਨ ਦੀ ਥਾਂ ' ਤੇ ਕੀ ਕਰਨਾ ਚਾਹੀਦਾ ਹੈ**?** ਮਾਣ ਕਰਨਾ ਚਾਹੀਦਾ ਹੈ।

# ਕਵਿਤਾ

## 1. ਟੁਕੜੀ ਜਗ ਤੋਂ ਨਯਾਰੀ - ਭਾਈ ਵੀਰ ਸਿੰਘ

ਟੁਕੜੀ ਜਗ ਤੋਂ ਨਯਾਰੀ ਕਵਿਤਾ ਦਾ ਕੇਂਦਰੀ ਭਾਵ ਲਿਖੋ ।

ਟੁਕੜੀ ਜਗ ਤੋਂ ਨਯਾਰੀ ` ਕਵਿਤਾ ਪ੍ਰਸਿੱਧ ਕਵੀ ਭਾਈ ਵੀਰ ਸਿੰਘ ਦੀ ਰਚਨਾ ਹੈ । ਕਸ਼ਮੀਰ ਦੁਨੀਆਂ ਦੀ ਉਹ ਵਿਲੱਖਣ ਧਰਤੀ ਹੈ ਜਿਸ ਨੂੰ ਕੁਦਰਤ ਨੇ ਆਪਣੀਆਂ ਕੁੱਲ ਬਖ਼ਸ਼ਿਸ਼ਾਂ ਨਾਲ਼ ਨੇ ਕੁਦਰਤ ਨੇ ਇਹਨਾਂ ਨਜ਼ਾਰਿਆਂ ਵਿੱਚ ਕਿਸੇ ਅਸਮਾਨੀ ਸੁੰਦਰਤਾ ਦਾ ਵਾਸ ਹੈ । ਨਿਹਾਲ ਕੀਤਾ ਹੈ । ਕੁਦਰਤ

1. ਵਸਤੂਨਿਸ਼ਠ ਪ੍ਰਸ਼ਨ : ( ੳ ) ' ਟੁਕੜੀ ਜਗ ਤੋਂ ਨਯਾਰੀ' ਕਵਿਤਾ ਦੇ ਕਵੀ ਦਾ ਨਾਂ ਦੱਸੋ । ਭਾਈ ਵੀਰ ਸਿੰਘ

( ਅ ) ਤੁਹਾਡੀ ਪਾਠ - ਪੁਸਤਕ ਵਿੱਚ ਸ਼ਾਮਲ ਭਾਈ ਵੀਰ ਸਿੰਘ ਦੀ ਕਵਿਤਾ ਦਾ ਨਾਂ ਲਿਖੋ । ਟੁਕੜੀ ਜਗ ਤੋਂ ਨਯਾਰੀ

ੲ ) ਇਸ ਕਵਿਤਾ ਵਿੱਚ ਖ਼ੁਸ਼ੀਆਂ ਨੇ ਕਿਸ ਨੂੰ ਛਹਿਬਰ ਲਾਈ ਹੈ । ( ਧਰਤੀ / ਕਸ਼ਮੀਰ ) ਕਸ਼ਮੀਰ

( ਸ ) ਇਸ ਕਵਿਤਾ ਵਿੱਚ ਚਸ਼ਮੇ , ਨਾਲ਼ੇ , ਨਦੀਆਂ ਅਤੇ ਸਮੁੰਦਰ ਕਿਸ ਤਰ੍ਹਾਂ ਜਾਪ ਰਹੇ ਸਨ ? ਨਿੱਕੇ ਸਮੁੰਦਰ ਵਰਗੇ

( ਹ ) ਇਸ ਕਵਿਤਾ ਅਨੁਸਾਰ ਮੁੱਠੀ ਵਿੱਚ ਕੀ ਆਇਆ ? ਸਾਰੇ ਅਰਸ਼ੀ ਨਜ਼ਾਰੇ

( ਕ ) ਉਸ ਥਾਂਉਂ ' ਕਸ਼ਮੀਰ ' ਬਣ ਗਿਆ ਟੁਕੜੀ ਜਗ ਤੋਂ ਨਿਆਰੀ । ਇਸ ਸਤਰ ਨੂੰ ਪੂਰਾ ਕਰੋ ।

## 2. ਪੁਰਾਣੇ ਪੰਜਾਬ ਨੂੰ ਅਵਾਜ਼ਾਂ - ਪ੍ਰੋ: ਪੂਰਨ ਸਿੰਘ

ਪ੍ਰੋ: ਪੂਰਨ ਸਿੰਘ ਦੀ ਕਵਿਤਾ ' ਪੁਰਾਣੇ ਪੰਜਾਬ ਨੂੰ ਅਵਾਜ਼ਾਂ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ।

' ਪੁਰਾਣੇ ਪੰਜਾਬ ਨੂੰ ਅਵਾਜਾਂ ਕਵਿਤਾ ਪ੍ਰਸਿੱਧ ਕਵੀ ਪ੍ਰੋ: ਪੂਰਨ ਸਿੰਘ ਦੀ ਰਚਨਾ ਹੈ । ਨਵੀਨਤਾ ਦੇ ਅੱਖਾਂ ਚੁੰਧਿਆ ਦੇਣ ਵਾਲ਼ੇ ਚਾਨਣ ਨੂੰ ਰੱਦ ਕਰਦਾ ਕਵੀ ਪਰੰਪਰਾ ਦੀ ਚਮਕ ਲਈ ਤਾਂਘਦਾ ਹੈ । ਪਰੰਪਰਾ ਦ੍ਰਿਸ਼ ਵਿਚੋਂ ਪੰਜਾਬ ਦਾ ਕਣ ਕਣ ਉਸਨੂੰ ਸਾਂਝ ਅਤੇ ਪਿਆਰ ਨਾਲ ਗੜੁੱਚਿਆ ਨਜ਼ਰ ਆਉਂਦਾ ਹੈ

ਵਸਤੂਨਿਸ਼ਠ ਪ੍ਰਸ਼ਨ

( ੳ ) 'ਪੁਰਾਣੇ ਪੰਜਾਬ ਨੂੰ ਅਵਾਜ਼ਾਂ ' ਨਾਂ ਦੀ ਕਵਿਤਾ ਦੇ ਕਵੀ ਦਾ ਨਾਂ ਦੱਸੋ। ਪ੍ਰੋ . ਪੂਰਨ ਸਿੰਘ

( ਅ ) ਤੁਹਾਡੀ ਪਾਠ - ਪੁਸਤਕ ਵਿੱਚ ਦਰਜ ਪ੍ਰੋ . ਪੂਰਨ ਸਿੰਘ ਦੀ ਕਵਿਤਾ ਦਾ ਨਾਂ ਲਿਖੋ । ਪੁਰਾਣੇ ਪੰਜਾਬ ਨੂੰ ਅਵਾਜ਼ਾਂ

( ੲ ) " ਪੁਰਾਣੇ - ਪੰਜਾਬ ਨੂੰ ਅਵਾਜ਼ਾਂ ਕਵਿਤਾ ਵਿੱਚ ਕਵੀ ਭਾਈਚਾਰੇ ਬਾਰੇ ਕਿਸ ਤੋਂ ਪੁੱਛਦਾ ਹੈ ? ਇਕ ਪੜ੍ਹੇ ਨੌਜਵਾਨ ਤੋਂ

( ਸ ) ਕਵੀ ਅਨੁਸਾਰ ਪੁਰਾਣੇ ਪੰਜਾਬ ਵਿੱਚ ਸੱਸਾਂ ਦੇ ਦਿਲ ਕਿਹੋ - ਜਿਹੇ ਸਨ ? ਸਮੁੰਦਰਾਂ ਵਰਗ਼ੇ

" ਪੁਰਾਣੇ ਪੰਜਾਬ ਨੂੰ ਅਵਾਜ਼ਾਂ ਕਵਿਤਾ ਵਿੱਚੋਂ ਸਦੀਆਂ ਪੁਰਾਣੀ ਕਿਹੜੀ ਚੀਜ਼ ਕਿੱਧਰ ਉੱਡ ਗਈ ? ਬਿਰਾਦਰੀਆਂ ਦੇ ਮੇਲ -ਮਿਲਾਪ

( ਕ ) ' ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਅਨੁਸਾਰ ਪੁਰਾਣੇ ਸਮਿਆਂ ਚ ਲੋਕ ਸੁੱਚਾ ਤੇ ਸੁਥਰਾ ਵਪਾਰ ਕਰਦੇ ਸਨ ( ਠੀਕ / ਗਲਤ । ਠੀਕ

( ਖ) " ਪੁਰਾਣੇ ਪੰਜਾਬ ਨੂੰ ਅਵਾਜ਼ਾਂ ਕਵਿਤਾ ' ਚ ਕਵੀ ਨੂੰ ਮਨੁੱਖਾਂ ਦੀ ਪੂਜਾ ਦੀ ਥਾਂ ਠੀਕਰੀਆਂ ਦੀ ਪੂਜਾ ਕਰਨ ਦਾ ਦੁੱਖ ਹੈ । ( ਹਾਂ / ਨਾਂਹ ) ਹਾਂ

( ਗ ) ਉਹ ਹੁਣ ਪੁਰਾਣੇ ਵਿਆਹ ਦੇ ਰੰਗ ਨਹੀਂ , ਢੰਗ ਨਹੀਂ । ਪੁਰਾਣੇ ਪੰਜਾਬ ਨੂੰ ਅਵਾਜ਼ਾਂ ਕਵਿਤਾ ਦੇ ਆਧਾਰ ਤੇ ਉਪਰੋਕਤ ਖ਼ਾਲੀ ਥਾਂਵਾਂ ਭਰੋ ।

( 4 ) ' ਪੁਰਾਣੇ ਪੰਜਾਬ ਨੂੰ ਅਵਾਜ਼ਾਂ ਕਵਿਤਾ ਵਿੱਚ ਭਰਪੂਰ ਚਿਤਰਨ ਹੋਇਆ ਹੈ : ੳ ) ਪੰਜਾਬੀ ਸੱਭਿਆਚਾਰ ਦਾ ( ਅ ) ਭਾਰਤੀ ਸੱਭਿਆਚਾਰ ਦਾ

( ੲ ) ਦੇਸੀ ਸੱਭਿਆਚਾਰ ਦਾ ( ਸ ) ਵਿਦੇਸ਼ੀ ਸੱਭਿਆਚਾਰ

ੳ ) ਪੰਜਾਬੀ ਸੱਭਿਆਚਾਰ ਦਾ

## 3. ਵਗਦੇ ਪਾਣੀ - ਡਾ. ਦੀਵਾਨ ਸਿੰਘ ਕਾਲੇਪਾਣੀ

. ਡਾ . ਦੀਵਾਨ ਸਿੰਘ ਕਾਲੇਪਾਣੀ ਦੁਆਰਾ ਲਿਖੀ ' ਵਗਦੇ ਪਾਣੀ' ਕਵਿਤਾ ਦਾ ਕੇਂਦਰੀ ਭਾਵ ਲਿਖੋ ।

ਦੇ ਵਗਦੇ ਪਾਣੀ ` ਕਵਿਤਾ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਰਚਨਾ ਹੈ । ਜ਼ਿੰਦਗੀ ਦੀ ਖ਼ੂਬਸੂਰਤੀ ਇਸਦੀ ਗਤੀਸ਼ੀਲਤਾ ਵਿਚ ਹੈ । ਨਵੇਂ ਉੱਦਮ ਜ਼ਿੰਦਗੀ ਦੀ ਤਾਜ਼ਗੀ ਬਰਕਰਾਰ ਰੱਖਦੇ ਹਨ । ਖੜੋਤ ਜ਼ਿੰਦਗੀ ਦੀ ਸਾਰੀ ਖ਼ੂਬਸੂਰਤੀ ਦਾ ਨਾਸ਼ ਕਰ ਦਿੰਦੀ ਹੈ ।

1. ਵਸਤੂਨਿਸ਼ਠ ਪ੍ਰਸ਼ਨ :

( ੳ ) " ਪੰਜਾਬੀ ਲਾਜ਼ਮੀਂ ਪੁਸਤਕ ਵਿੱਚ ਸ਼ਾਮਲ ਡਾ ਦੀਵਾਨ ਸਿੰਘ ਕਾਲੇ ਪਾਣੀ ਦੀ ਕਵਿਤਾ ਦਾ ਨਾਂ ਲਿਖੋ । 'ਵਗਦੇ ਪਾਣੀ

( ਅ ) 'ਵਗਦੇ ਪਾਣੀ ' ਕਵਿਤਾ ਦਾ ਰਚੇਤਾ ਕੌਣ ਹੈ ? ਡਾ . ਦੀਵਾਨ ਸਿੰਘ ਕਾਲੇਪਾਣੀ

( ੲ ) ਖੜ੍ਹੇ ਪਾਣੀ ਨਾਲ ਕੀ ਵਾਪਰਦਾ ਹੈ ? ਉਸ ਬੁੱਸ ਜਾਂਦਾ ਹੈ ।

( ਸ ) ਵਗਦੇ ਪਾਣੀ ਕਵਿਤਾ ਅਨੁਸਾਰ ਵਿਛੜਨ ਨਾਲ਼ ਜਿੰਦਾਂ ਮਰ ਜਾਂਦੀਆਂ ਹਨ । ( ਸਹੀ / ਗ਼ਲਤ) ਸਹੀ

( ਹ ) ਰੂਹਾਂ ਅਟਕਣ ਨਾਲ ਡਿਗਦੀਆਂ ਨਹੀਂ । ( ਹਾਂ / ਨਾਂਹ ) ਹਾਂ

( ਕ ) ਕਿ ਟੁਰਿਆਂ ਵਧਦਾ ਹਾਂ

ਖਲੋਇਆਂ ਘਟਦਾ ਹਾਂ । ਡਾ . ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਦੇ ਮੱਦੇਨਜ਼ਰ ਉਕਤ. ਖ਼ਾਲੀ ਥਾਂਵਾਂ ਭਰੋ ।

( ਖ ) ਡਾ . ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ' ਵਗਦੇ ਪਾਣੀ ਕਿਹੜਾ ਭਾਵ ਪ੍ਰਬਲ ਰੂਪ ਚ ਪ੍ਰਗਟ ਹੋਇਆ ਹੈ (ੳ ) ਗਤੀਸ਼ੀਲ ਜੀਵਨ ਦਾ

( ਅ ) ਰੁਮਾਂਚਿਕ ਜੀਵਨ ਦਾ ( ) ਕੁਦਰਤੀ ਜੀਵਨ ਦਾ ( ਸ ) ਨਿੱਜੀ ਜੀਵਨ ਦਾ

**(ੳ )** ਗਤੀਸ਼ੀਲ ਜੀਵਨ ਦਾ

## 4.ਤਾਜ ਮਹਲ - ਪ੍ਰੋ . ਮੋਹਨ ਸਿੰਘ

ਪ੍ਰੋ . ਮੋਹਨ ਸਿੰਘ ਦੀ ਕਵਿਤਾ ' ਤਾਜ ਮਹਲ ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ' ਚ ਲਿਖੋ ।

ਤਾਜ ਮਹਲ ਕਵਿਤਾ ਪ੍ਰਸਿੱਧ ਕਵੀ ਪ੍ਰੋ . ਮੋਹਨ ਸਿੰਘ ਦੀ ਰਚਨਾ ਹੈ । ਤਾਜ ਮਹਲ ਸਧਾਰਨ ਨਜ਼ਰ ਨੂੰ ਬਹੁਤ ਸੋਹਣਾ ਲੱਗਦਾ ਹੈ, ਪਰ ਇਸ ਦੀ ਉਸਾਰੀ ਲੱਖਾਂ ਰੋਂਦੇ ਕਰਲਾਉਂਦੇ ਮਜ਼ਦੂਰਾਂ ਤੋਂ ਜਬਰੀ ਵਗਾਰ ਕਰ ਕੇ ਕਰਵਾਈ ਗਈ ਹੈ । ਇਸ ਕਰਕੇ ਅਜਿਹੇ ਹੁਸਨ ਨੂੰ ਸੱਚਮੁੱਚ ਦੇ ਹੁਸਨ ਨਹੀਂ ਕਿਹਾ ਜਾ ਸਕਣਾ , ਸਗੋਂ ਇਹ ਇਕ ਧੋਖਾ ਹੈ ।

ਵਸਤੂਨਿਸ਼ਠ ਪ੍ਰਸ਼ਨ :

( ੳ ) ' ਤਾਜ ਮਹਲ ' ਕਵਿਤਾ ਕਿਸ ਕਵੀ ਦੀ ਰਚਨਾ ਹੈ । ਪ੍ਰੋ : ਮੋਹਨ ਸਿੰਘ

( ਅ ) ਪਾਠ - ਕ੍ਰਮ ' ਚ ਸ਼ਾਮਲ ਪ੍ਰੋ : ਮੋਹਨ ਸਿੰਘ ਦੀ ਕਵਿਤਾ ਦਾ ਨਾਂ ਲਿਖੋ । ਤਾਜ ਮਹਲ

( ੲ ) ਬਿਰਛਾਂ ਬੂਟਿਆਂ ਦੇ ਪਰਛਾਂਵੇਂ
ਨਸ਼ਿਆਂ ਨਾਲ ਗੜੂੰਦੇ ,
ਘਾਹ ਦੇ ਸੁਹਲ ਸੀਨਿਆਂ ਉੱਤੇ ,
ਸਵਾਦ - ਸਵਾਦ ਹੋ ਉਂਘੇ .... ਪ੍ਰੋ : ਮੋਹਨ ਸਿੰਘ ਦੀ ਕਵਿਤਾ " ਤਾਜ ਮਹਲ ਦੇ ਆਧਾਰ ' ਤੇ ਖ਼ਾਲੀ ਥਾਂਵਾਂ ਦੀ ਪੂਰਤੀ ਕਰੋ ।

( ਸ ) ਪ੍ਰੋ : ਮੋਹਨ ਸਿੰਘ ਦੀ ਕਵਿਤਾ " ਤਾਜ ਮਹਲ ਅਨੁਸਾਰ ਸ਼ਾਂਤ ਸੁੱਤੇ ਜਮਨਾ ਦੇ ਕੰਢੇ ਹਰੇ - ਭਰੇ ਤੇ ਸਾਵੇ ਹਨ । ( ਠੀਕ / ਗ਼ਲਤ ) ਠੀਕ

( ਹ ) ਸੁੱਤੇ ਪਾਣੀਆਂ ਵਿੱਚ ਤਾਜ - ਮਹੱਲ ਦਾ ਪਰਛਾਵਾਂ ਨਹੀਂ ਸੁੱਤਾ । ( ਹਾਂ / ਨਾਂਹ ) ਨਾਂਹ

( ਕ ) ਕਵੀ ਤਾਜ ਮਹੱਲ ਵੇਖ ਕੇ ਕਿਹੜੇ ਮੁਗ਼ਲ ਸਮਰਾਟ ਦੀਆਂ ਸਿਫ਼ਤਾਂ ਕਰਦਾ ਹੈ । ਸ਼ਾਹ ਜਹਾਨ ਦੀਆਂ

( ਖ ) ਪ੍ਰੋ : ਮੋਹਨ ਸਿੰਘ ਦੀ ਕਵਿਤਾ ਅਨੁਸਾਰ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਹੱਥਾਂ - ਪੈਰਾਂ ਦੀ ਕਿਸ ਤਰ੍ਹਾਂ ਦੀ ਹਾਲਤ ਹੈ ?
ਹੱਥਾਂ ਵਿਚ ਛਾਲੇ ਤੇ ਪੈਰ ਬਿਆਈਆਂ ਪਾਟੇ

( ਗ ) ਤਾਜ ਮਹਲ ਕਵਿਤਾ ਪੜ੍ਹ ਕੇ ਕਵੀ ਦੀ ਹਮਦਰਦੀ ਕਿਸ ਧਿਰ ਵੱਲ ਜਾਪਦੀ ਹੈ : ( i ) ਸ਼ਾਸਕ ਧਿਰ (ii ) ਸ਼ੋਸਿਤ ਧਿਰ ( iii ) ਸਮਾਜਿਕ ਧਿਰ ( iv ) ਸੰਗਾਊ ਧਿਰ
**(ii )** ਸ਼ੋਸਿਤ ਧਿਰ

## 5. ਚੁੰਮ ਚੁੰਮ ਰੱਖੋ - ਨੰਦ ਲਾਲ ਨੂਰਪੁਰੀ

ਵਸਤੂਨਿਸ਼ਠ ਪ੍ਰਸ਼ਨ :

ਪ੍ਰਸ਼ਨ ( ੳ ) ' ਚੁੰਮ ਚੁੰਮ ਰੱਖੋ ' ਕਵਿਤਾ ਕਿਸ ਕਵੀ ਨੇ ਲਿਖੀ ਹੈ ?
ਉੱਤਰ ਨੰਦ ਲਾਲ ਨੂਰਪੁਰੀ

ਪ੍ਰਸ਼ਨ ( ਅ ) ਪੁਸਤਕ ਵਿੱਚ ਸ਼ਾਮਲ ਨੰਦ ਲਾਲ ਨੂਰਪੁਰੀ ਦੀ ਕਵਿਤਾ ਦਾ ਸਿਰਲੇਖ ਲਿਖੋ ।
ਉੱਤਰ -ਚੁੰਮ ਚੁੰਮ ਰੱਖੋ

ਪ੍ਰਸ਼ਨ ( ੲ ) " ਚੁੰਮ ਚੁੰਮ ਰੱਖੋ ' ਕਵਿਤਾ ਵਿੱਚ ਦਸਮ ਪਿਤਾ ਦੇ ਕਿਹੜੇ ਸਾਹਿਬਜ਼ਾਦੇ ਦੀ ਕਲਗੀ ਨੂੰ ਚੁੰਮ ਕੇ ਰੱਖਣ ਦਾ ਜ਼ਿਕਰ ਹੈ ?
ਉੱਤਰ- ਸਾਹਿਬਜ਼ਾਦਾ ਜੁਝਾਰ ਸਿੰਘ

ਪ੍ਰਸ਼ਨ ( ਸ ) ' ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਣਗੇ ' ਇਸ ਤੁਕ ਵਿੱਚ ਕਵੀ ਜੰਗ ਵਿੱਚੋਂ ਕਿਸ ਦੇ ਆਉਣ ਬਾਰੇ ਕਹਿੰਦਾ ਹੈ ?
ਉੱਤਰ - ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ

ਪ੍ਰਸ਼ਨ ( ਹ ) ਕੂਲ਼ੇ - ਕੂਲ਼ੇ ਹੱਥਾਂ ਵਿੱਚ ਕਿਹੋ - ਜਿਹੀਆਂ ਕਿਰਪਾਨਾਂ ਫੜੀਆਂ ਹੋਈਆਂ ਸਨ ? ( ਗੋਰੀਆਂ / ਤਿੱਖੀਆਂ )
ਉੱਤਰ - ਗੋਰੀਆਂ/ਚਮਕਦੀਆਂ

ਪ੍ਰਸ਼ਨ ( ਕ ) ਲਹੂ ਵਿੱਚ ਭਿਜੀ ਘੋੜੀ ਭੁੱਬਾਂ ਮਾਰ ਰਹੀ ਸੀ । ( ਹਾਂ / ਨਾਂਹ )
ਉੱਤਰ - ਹਾਂ

ਪ੍ਰਸ਼ਨ ( ਖ ) ਘੋੜੀਆਂ ਦੇ ਪੌੜ ਜਦੋਂ ਕੰਨਾਂ ਸੁਣੇ .........। ਵੇਖਣ ਨੂੰ ਨੈਣ ਆਏ ਬੂਹੇ ਵੱਲ ........। ਨੰਦਲਾਲ ਨੂਰਪੁਰੀ ਦੀ ਕਵਿਤਾ ਚੁੰਮ ਚੁੰਮ ਰੱਖੋ ' ਤੇ ਆਧਾਰਿਤ ਉਪਰੋਕਤ ਕਾਵਿ - ਸਤਰਾਂ ਪੂਰੀਆਂ ਕਰੋ ।
ਉੱਤਰ- ਵਜਦੇ,ਭਜਦੇ

ਪ੍ਰਸ਼ਨ ( ਗ ) ' ਚੁੰਮ ਚੁੰਮ ਰੱਖੋ ' ਕਵਿਤਾ ਵਿੱਚ ' ਮਾਏ ਤੇਰਾ ਜੋੜਾ ਦਾਦੇ ਕੋਲ਼ ਹੈ ਜਾ ਵਸਿਆ ' ਤੁਕ ਅਨੁਸਾਰ ਜੋੜਾ ਕਿਸ ਦੇ ਕੋਲ਼ ਚਲਿਆ ਗਿਆ ।
( ੳ ) ਦਾਦਾ ( ਅ ) ਦਾਦੀ ( ) ਪਿਤਾ ( ਸ ) ਮਾਤਾ ਸਾਹਿਬਜ਼ਾਦਾ ਜੁਝਾਰ ਸਿੰਘ

## 6. ਦੋਸਤਾ- ਪਿਆਰਾ ਸਿੰਘ ਸਹਿਰਾਈ

ਪ੍ਰਸ਼ਨ ( ੳ ) ਤੁਹਾਡੀ ਪਾਠ - ਪੁਸਤਕ ਵਿੱਚ ਸ਼ਾਮਲ ਪਿਆਰਾ ਸਿੰਘ ਸਹਿਰਾਈ ਦੀ ਕਵਿਤਾ ਦਾ ਸਿਰਲੇਖ ਦੱਸੋ।
ਉੱਤਰ - ਦੋਸਤਾ

ਪ੍ਰਸ਼ਨ ( ਅ ) ਤੁਹਾਡੀ ਪਾਠ - ਪੁਸਤਕ ਵਿੱਚ ਦਰਜ ' ਦੋਸਤਾ ' ਕਵਿਤਾ ਕਿਸ ਕਵੀ ਦੀ ਰਚਨਾ ਹੈ ?
ਉੱਤਰ- ਪਿਆਰਾ ਸਿੰਘ ਸਹਿਰਾਈ

ਪ੍ਰਸ਼ਨ (ਈ ) ਕਵਿਤਾ ' ਦੋਸਤਾ ' ਅਨੁਸਾਰ ਨਵਾਂ ਨਾਚ ਸਰੀਰ ਦੇ ਕਿਸ ਅੰਗ ਵਿੱਚ ਧੜਕਦਾ ਹੈ ?
ਉੱਤਰ - ਪੈਰਾਂ ਵਿਚ

ਪ੍ਰਸ਼ਨ ( ਸ ) ' ਦੋਸਤਾਂ ' ਕਵਿਤਾ ਵਿੱਚ ਕਵੀ ਨੂੰ ਮਨੁੱਖ ਦੀ ਮੰਜ਼ਲ ਕਿੰਨੀ ਕੁ ਵਿੱਥ 'ਤੇ ਨਜ਼ਰ ਆਉਂਦੀ ਹੈ ।
ਉੱਤਰ - ਦੋ ਕਦਮਾਂ ਦੀ ਵਿੱਥ ਤੇ
ਪ੍ਰਸ਼ਨ ( ਹ ) ਢਾਰਿਆਂ ' ਚੋਂ ਉੱਠ ਹੰਭਲ਼ਾ ਮਾਰ ਕੇ , ਪਕੜ ਲੈ ਉੱਚਾ...... , ਦੋਸਤਾ । ਪਿਆਰਾ ਸਿੰਘ ਸਹਿਰਾਈ ਦੀ ਕਵਿਤਾ ' ਦੋਸਤਾ 'ਦੀ ਸਤਰ ਵਿੱਚ ਖ਼ਾਲੀ ਥਾਂ ਭਰੋ।
ਉੱਤਰ - ਮੁਨਾਰਾ
ਪ੍ਰਸ਼ਨ ਪ੍ਰਸ਼ਨ ( ਕ ) ਪਿਆਰਾ ਸਿੰਘ ਸਹਿਰਾਈ ਦੀ ਕਵਿਤਾ ' ਦੋਸਤਾ ' ਅਨੁਸਾਰ ਮਨੁੱਖੀ ਹੋਣੀ ਦਾ ਸਿਤਾਰਾ ਧੌਣ ਚੁੱਕ ਕੇ ਸੈਨਤਾਂ ਕਰਦਾ ਹੈ । ( ਸਹੀ / ਗ਼ਲਤ )
ਉੱਤਰ - ਸਹੀ
ਪ੍ਰਸ਼ਨ ( ਖ ) ਪਿਆਰਾ ਸਿੰਘ ਸਹਿਰਾਈ ਦੀ ਕਵਿਤਾ ' ਦੋਸਤਾ ' ਦੀ ਮੂਲ ਸੁਰ ਹੈ : ( ੳ ) ਉਪਦੇਸ਼ਤਾਮਿਕ ( ਅ ) ਵਿਆਖਿਆਤਮਿਕ ਨੂੰ
(ਈ ) ਭਾਵਾਤਮਿਕ ( ਸ ) ਨਕਾਰਾਤਮਿਕ
ਉੱਤਰ - ਉਪਦੇਸ਼ਤਾਮਿਕ

## 7. ਵਾਰਸਸ਼ਾਹ - ਅੰਮ੍ਰਿਤਾਪ੍ਰੀਤਮ

ਪ੍ਰਸ਼ਨ 1.ਤੁਹਾਡੀ ਪਾਠ – ਪੁਸਤਕ ਵਿਚ ਦਰਜ ਅੰਮ੍ਰਿਤਾਪ੍ਰੀਤਮ ਦੀ ਕਵਿਤਾ ਦਾ ਨਾਂਦੱਸੋ।
ਉੱਤਰ- ਵਾਰਸ ਸ਼ਾਹ ।
ਪ੍ਰਸ਼ਨ 2 ਵਾਰਸ ਸ਼ਾਹ ਕਵਿਤਾ ਕਿਸ ਦੀ ਰਚਨਾ ( ਸਿਰਜਨਾ ) ਹੈ ?
ਉੱਤਰ- ( B ) ਅੰਮ੍ਰਿਤਾ ਪ੍ਰੀਤਮ ।

ਪ੍ਰਸ਼ਨ 3. " ਵੇ ਦਰਦਮੰਦਾਂ ਦਿਆ ਦਰਦੀਆ , ਉੱਠ ਤੱਕ ਆਪਣਾ ਪੰਜਾਬ , ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਾਰਸਸ਼ਾਹ ਦੀ ਉਕਤ ਤੁਕ ਵਿਚ ਦਰਦਮੰਦਾਂ ਦੇ ਦਰਦੀਆ ਕਿਸਨੂੰ ਆਖਿਆਂ ਗਿਆ ਹੈ ?
ਉੱਤਰ – ਕਵੀ ਵਾਰਸਸ਼ਾਹ ਨੂੰ।

ਪ੍ਰਸ਼ਨ 4. " ਅੱਜ ਬੇਲੇ .......ਵਿਛੀਆਂ ਤੇ..... ਦੀ ਭਰੀ ਚਨਾਬ ' ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਾਰਸਸ਼ਾਹ ਨੂੰ ਮੁੱਖ ਰੱਖਦਿਆਂ ਖਾਲੀ ਥਾਂਵਾਂ ਭਰੋ।
ਉੱਤਰ - ' ਅੱਜ ਬੇਲੇ ਲਾਸ਼ਾਂ ਵਿਛੀਆਂਤੇ ਲਹੂ ਦੀ ਭਰੀ ਚਨਾਬ।

ਪ੍ਰਸ਼ਨ 5. ਕਵਿਤਾ ਵਾਰਸਸ਼ਾਹ ਅਨੁਸਾਰ ਪੰਜਾਂ ਪਾਣੀਆਂ ਵਿਚ ਜਹਿਰ ਮਿਲਾਉਣ ਨਾਲ ਇੱਥੋਂ ਦੀ ਜਰਖੇਜ਼ ਜ਼ਮੀਨ ਦੇ ਲੈ ਨੂੰ ਵਿਚ ਜ਼ਹਿਰ ਫੁੱਟ ਪਿਆ ਸੀ ।ਇਹ ਕਥਨ ਸਹੀ ਹੈ ਜਾਂ ਗਲਤ ?
ਉੱਤਰ - ਸਹੀ ।

ਪ੍ਰਸ਼ਨ 6. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਾਰਸਸ਼ਾਹ ਵਿਚ ਕਿਹੜੇ ਪ੍ਰੀਤ - ਨਾਇਕ / ਨਾਇਕਾ ਦਾ ਜ਼ਿਕਰ ਹੋਇਆ ਹੈ ?
ਉੱਤਰ – ਹੀਰ ਅਤੇ ਰਾਂਝੇ ਦਾ।

ਪ੍ਰਸ਼ਨ 7.ਕਵਿਤਾ ਵਾਰਸਸ਼ਾਹ ਅਨੁਸਾਰ ਪੰਜਾਬ ਵਿਚ ਵਿਰਕਾ ਪ੍ਰਸਤੀ ਫੈਲਣ ਨਾਲ ਧਰਤੀ ਲਹੂ ਨਾਲ ਭਿੱਜ ਗਈ ਤੇ ਕਬਰਾਂ ਵੀ ਰੋ ਰਹੀਆਂ ਸਨ |' ਇਸ ਕਥਨ ਸੰਬੰਧੀ ਹਾਂ ਜਾਂ ਨਹੀਂ ਵਿਚ ਉੱਤਰ ਦਿਉ।
ਉੱਤਰ - ਹਾਂ।

ਪ੍ਰਸ਼ਨ 8. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਾਰਸਸ਼ਾਹਾਂ ਵਿਚ ਕਿਹੜੇ ਸਾਲ ਦਾ ਦੁਖਾਂਤਕ ਚਿਤਰਨ ਹੋਇਆ ਹੈ ? ( A ) 1857 ( B ) 1914
( C ) 1947 ( D ) 1965
ਉੱਤਰ- C ) 1947 .

## 8. ਮੇਰਾਬਚਪਨ - ਡਾ : ਹਰਿਭਜਨਸਿੰਘ

ਪ੍ਰਸ਼ਨ 1. ਮੇਰਾ ਬਚਪਨ ਕਵਿਤਾ ਕਿਸ ਕਵੀ ਦੀ ਰਚਨਾ ਹੈ ?
ਉੱਤਰ- ਡਾ . ਹਰਿਭਜਨ ਸਿੰਘ ।
ਪ੍ਰਸ਼ਨ 2 ਆਪਣੀ ਪੰਜਾਬੀ ਲਾਜ਼ਮੀ ਦੀ ਪਾਠ - ਪੁਸਤਕ ' ਚ ਦਰਜ ਹਰਿਭਜਨ ਸਿੰਘ ਦੀ ਕਵਿਤਾ ਦਾ ਸਿਰਲੇਖ ਲਿਖੋ।
ਉੱਤਰ- ਮੇਰਾ ਬਚਪਨ ।
ਪ੍ਰਸ਼ਨ 3 , ਮੇਰਾ ਬਚਪਨ ' ਕਵਿਤਾ ਵਿਚ ਕਿਸ ਰਿਸ਼ਤੇ ਦੀ ਗੈਰ – ਹਾਜਰੀ ਕਾਰਨ ਬਚਪਨ ਰੁਲ ਜਾਂਦਾ ਹੈ ?
ਉੱਤਰ – ਪਿਤਾ ਦੀ ।
ਪ੍ਰਸ਼ਨ 4 ਪੁੱਤਰ ਦੇ ਛੇਤੀ – ਛੇਤੀ ਗੱਭਰੂ ਹੋਣ ਦੀ ਲੋਚਾ ਕਿਸਦੇ ਮਨ ਵਿਚ ਹੈ ? ਮੇਰਾ ਬਚਪਨ ਕਵਿਤਾ ਦੇ ਆਧਾਰ ' ਤੇ ਉੱਤਰ ਦਿਓ।
ਉੱਤਰ – ਮਾਂ ਦੇ ।
ਪ੍ਰਸ਼ਨ 5. ਕਦੇ – ਕਦੇ ਬਾਲਾਂ ਦੇ ਕੁੱਛੜ , ਸੋਣ ਨਿਚਿੰਤ ........ਮਾਂਵਾਂ। " ਮੇਰਾ ਬਚਪਨ ਕਵਿਤਾ ਦੀ ਸਹਾਇਤਾ ਨਾਲ ਇਹ ਤੁਕ ਪੂਰੀ ਕਰੋ।

ਉੱਤਰ - ਕਦੇ – ਕਦੇ ਬਾਲਾਂ ਦੇ ਕੁੱਛੜ , ਸੌਣ ਨਿਚਿੰਤ ਨਿਕਰਮਣ ਮਾਂਵਾਂ ।
ਪ੍ਰਸ਼ਨ 6 ' ਮੇਰਾ ਬਚਪਨ ਕਵਿਤਾ ਵਿਚ ਮਾਂ ਨੇ ਆਪਣੇ ਹੱਥੀਂ ਆਪਣੇ ਪਤੀ ਦੀ ਚਿਤਾ ਜਲਾਈ ।ਇਹ ਕਥਨ ਠੀਕ ਹੈ . ਜਾਂ ਗਲਤ ?
ਉੱਤਰ – ਠੀਕ ॥
ਪ੍ਰਸ਼ਨ 7. ਮੇਰਾ ਬਚਪਨ ਕਵਿਤਾ ਮੂਲ ਰੂਪ ਵਿਚ ਕਿਹੜਾ ਰਿਸ਼ਤਾ ਵਿਚਰਦਾ ਨਜ਼ਰ ਆਉਂਦਾ ਹੈ ? ( A ) ਮਾਂ - ਪੁੱਤ ( B ) ਪਿਉ - ਧੀ
( C ) ਭੈਣ - ਭਰਾ ( D ) ਨੂੰਹ - ਪੁੱਤ।
ਉੱਤਰ- ਮਾਂ - ਪੁੱਤ।

## 9. ਗੀਤ - ਸ਼ਿਵ ਕੁਮਾਰ ਬਟਾਲਵੀ

ਪ੍ਰਸ਼ਨ ( ੳ ) ਸ਼ਿਵ ਕੁਮਾਰ ਬਟਾਲਵੀ ਦੀ ਆਪਣੇ ਪਾਠ - ਕ੍ਰਮ ' ਚ ਸ਼ਾਮਲ ਕਵਿਤਾ ਦਾ ਨਾਂ ਲਿਖੋ ।
ਉੱਤਰ - ਗੀਤ
ਪ੍ਰਸ਼ਨ ( ਅ ) ' ਗੀਤ ' ਕਾਵਿ - ਰਚਨਾ ਕਿਸ ਕਵੀ ਦੀ ਰਚਨਾ ਹੈ ? )
ਉੱਤਰ - ਸ਼ਿਵ ਕੁਮਾਰ ਬਟਾਲਵੀ
ਪ੍ਰਸ਼ਨ ( ੲ ) ਸ਼ਿਵ ਕੁਮਾਰ ਬਟਾਲਵੀ ਨੇ ਆਪਣਾ ਗੀਤ ਕਿਸ ਨੂੰ ਸੰਬੋਧਨ ਕਰਦਿਆ ਲਿਖਿਆ ਹੈ ?
ਉੱਤਰ - ਭੱਠੀ ਵਾਲੀ ਨੂੰ /ਪ੍ਰੇਮਿਕਾ ਨੂੰ

ਪ੍ਰਸ਼ਨ ( ਸ ) ਕਵੀ ਭੱਠੀ ਵਾਲੀ ਨੂੰ ਛੇਤੀ ਕਰਨ ਲਈ ਕਿਉਂ ਆਖਦਾ ਹੈ ? ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ਤੇ ਆਧਾਰਿਤ ਦੱਸੋ ।
ਉੱਤਰ - ਕਿਉਂਕਿ ਉਸਨੇ ਦੂਰ ਜਾਣਾ ਹੈ ।

ਪ੍ਰਸ਼ਨ ( ਹ ) ਮੇਰੇ ਵਾਰੀ ਪੱਤਿਆਂ ਦੀ ਪੰਡ...... ਹੋ ਗਈ । ਮਿੱਟੀ ਦੀ ਕੜਾਹੀ ਤੇਰੀ ਕਾਹਨੂੰ......... ਹੋ ਗਈ । ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ' ਗੀਤ ' ਦੀਆਂ ਉਪਰੋਕਤ ਕਾਵਿ ਸਤਰਾਂ ਪੂਰੀਆਂ ਕਰੋ ।
ਉੱਤਰ - ਸਿੱਲ੍ਹੀ, ਪਿੱਲੀ
ਪ੍ਰਸ਼ਨ ( ਕ ) ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ' ਗੀਤ ' ਅਨੁਸਾਰ ਉਸ ਕੋਲ ਚੁੰਗ ਦੀ ਬੋਰੀ ਹੈ । ( ਠੀਕ / ਗ਼ਲਤ )
ਉੱਤਰ-ਗਲ਼ਤ

ਪ੍ਰਸ਼ਨ ( ਖ ) ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ' ਗੀਤ ' ਅਨੁਸਾਰ ਹਵਾਵਾਂ ਵਿਰਲਾਪ ਕਰਕੇ ਸੌਂ ਗਈਆਂ ਹਨ । ( ਠੀਕ / ਗ਼ਲਤ )
ਉੱਤਰ-ਠੀਕ

ਪ੍ਰਸ਼ਨ ( ਗ ) ਸ਼ਿਵ ਕੁਮਾਰ ਬਟਾਲਵੀ ਦੇ ਗੀਤ ਦੀ ਮੂਲ ਸੁਰ ਹੈ । ( ੳ ) ਉਦਾਸ ( ਏ ) ਰੁਮਾਂਟਿਕ ( ਅ ) ਚੜ੍ਹਦੀ ਕਲਾ ( ਸ ) ਬਾਗ਼ੀਆਨਾ
ਉੱਤਰ - ਉਦਾਸ

## 10. ਐਵੇਂ ਨਾ ਬੁੱਤਾਂ ' ਤੇ ਡੋਲ੍ਹੀ ਜਾ ਪਾਣੀ - ਸੁਰਜੀਤ ਪਾਤਰ

ਪ੍ਰਸ਼ਨ ( ੳ) ਐਵੇਂ ਨਾ ਬੁੱਤਾਂ ' ਤੇ ਡੋਲ੍ਹੀ ਜਾ ਪਾਣੀ ' ਗ਼ਜ਼ਲ ਕਿਸ ਗ਼ਜ਼ਲਕਾਰ ਦੀ ਰਚਨਾ ਹੈ ?
ਉੱਤਰ - ਸੁਰਜੀਤ ਪਾਤਰ
ਪ੍ਰਸ਼ਨ ( ਅ ) ਆਪਣੇ ਪਾਠ - ਕ੍ਰਮ ਵਿੱਚ ਸ਼ਾਮਲ ਸੁਰਜੀਤ ਪਾਤਰ ਦੀ ਗ਼ਜ਼ਲ ਰਚਨਾ ਦਾ ਸਿਰਲੇਖ ਦੱਸੋ ।
ਉੱਤਰ - ਐਵੇਂ ਨਾ ਬੁੱਤਾਂ ' ਤੇ ਡੋਲ੍ਹੀ ਜਾ ਪਾਣੀ

ਪ੍ਰਸ਼ਨ ( ੲ ) ਸੁਰਜੀਤ ਪਾਤਰ ਨੇ ਆਪਣੀ ਗ਼ਜ਼ਲ - ਰਚਨਾ ਚ ਪਾਣੀ ਬੁੱਤਾਂ ' ਤੇ ਡੋਲ੍ਹਣ ਦੀ ਥਾਂ ਕਿੱਥੇ ਬਰਸਾਉਣ ਦੀ ਨਸੀਹਤ ਦਿੱਤੀ ਹੈ ?
ਉੱਤਰ- ਬਿਰਖਾਂ ਉੱਤੇ

ਪ੍ਰਸ਼ਨ ( ਸ ) ' ਐਵੇਂ ਨਾ ਬੁੱਤਾਂ ਤੇ ਡੋਲੀ ਜਾ ਪਾਣੀ ' ਗਜ਼ਲ ਵਿੱਚ ਸਰਵਰ ਦਾ , ਸੁਰਜੀਤ ਪਾਤਰ ਦੀ ਸੁੱਤਾ ਪਾਣੀ ਕਿਉਂ ਕੰਬਦਾ ਹੈ ?
ਉੱਤਰ-ਕਿਸੇ ਦੁਆਰਾ ਬਿਰਖਾਂ ਦੀਆਂ ਪੱਤੀਆਂ ਤੋੜਨ ਕਰਕੇ

ਪ੍ਰਸ਼ਨ ( ਹ ) ਬਿਰਖਾਂ ਪੀਲ਼ੇ ਪੱਤਰ........ ਹੱਥ ਭੇਜੇ, ਉਕਤ ਗਜ਼ਲ - ਤੁਕ ਨੂੰ ਖ਼ਾਲੀ ਥਾਂ ਭਰ ਕੇ ਪੂਰਾ ਕਰੋ ।
ਉੱਤਰ - ਪੌਣਾ

ਪ੍ਰਸ਼ਨ ( ਕ ) ਕਵੀ ਦੀ ਪਿਆਸ ਅਗਨ ਬਣਨ ' ਤੇ ਉਸ ਨੂੰ ਹਰ ਸਰਵਰ ਦਾ ਪਾਣੀ ਸੁੱਚਾ ਲੱਗਿਆ । ਠੀਕ / ਗ਼ਲਤ ) " ਐਵੇਂ ਨਾ ਬੁੱਤਾਂ ' ਤੇ ਡੋਲੀ ਜਾ ਪਾਣੀ ' ਗਜ਼ਲ ਦੇ ਆਧਾਰ ਤੇ ਦੱਸੋ ?
ਉੱਤਰ - ਠੀਕ

ਪ੍ਰਸ਼ਨ ( ਖ ) ਸੂਲ਼ਾਂ ਦੇ ਰੁੱਖਾਂ ' ਤੇ ਪਾਣੀ ਵਰਨ੍ਹ ਨਾਲ਼ ਲੇਖਕ ਨੂੰ ਕਿਸੇ ਦੀ ਯਾਦ ਨਹੀਂ ਆਈ । ( ਹਾਂ / ਨਾਂਹ )
ਉੱਤਰ - ਹਾਂ

ਪ੍ਰਸ਼ਨ ( ਗ ) ਸੁਰਜੀਤ ਪਾਤਰ ਦੀ ਗ਼ਜ਼ਲ - ਤੁਕ " ਲੱਗੀ ਧੁੱਪ ਜੇ ਸ਼ਹਿਰ ਤੇਰੇ ਦੇ ਬਿਰਖਾਂ ' ਨੂੰ ਪ੍ਰਤਿਕਰਮ ਵਜੋਂ ਪਾਣੀ ਓਦਰ ਜਾਵੇਗਾ : ( ੳ ) ਮੇਰੇ ਸ਼ਹਿਰ ਦਾ ( ਅ ) ਮੇਰੀ ਨਹਿਰ ਦਾ ( ੲ ) ਮੇਰੇ ਸਮੁੰਦਰ ਦਾ ( ਸ ) ਮੇਰੇ ਘਰ ਦਾ
ਉੱਤਰ - ਮੇਰੇ ਸ਼ਹਿਰ ਦੇ

## ਸਾਂਝ - ਸੁਜਾਨ ਸਿੰਘ

1. ਵਸਤੂਨਿਸ਼ਠ ਪ੍ਰਸ਼ਨ / ਛੋਟੇ ਉੱਤਰਾਂ ਵਾਲੇ ਪ੍ਰਸ਼ਨ : ' ਸਾਂਝ ' ਕਹਾਣੀ ਦੇ ਆਧਾਰ ' ਤੇ ਦੱਸੋ ?

( ੳ ) ਸਾਈਕਲ ' ਤੇ ਸਵਾਰ ਹੋਣ ਤੋਂ ਪਹਿਲਾਂ ਕਹਾਣੀ ਦੇ ਕਿਹੜੇ ਪਾਤਰ ਨੇ ਪੈਡਲ ` ਤੇ ਪੈਰ ਰੱਖ ਸਾਈਕਲ ਨੂੰ ਕਾਫ਼ੀ ਚਿਰ ਤੱਕ ਰੇੜ੍ਹਿਆ ?
ਪ੍ਰੋ. ਐੱਮ. ਐੱਲ. ਮਲਹੋਤਰਾ

( ਅ ) ਪ੍ਰੋਫ਼ੈਸਰ ਸਾਈਕਲ ਚਲਾਉਣ ਦੀ ਆਪਣੇ ਜੀਵਨ ਦੀਆਂ ਮੁਸ਼ਕਲਾਂ ਅਤੇ ਮੁਸ਼ੱਕਤਾਂ ਨਾਲ਼ ਸਮਾਨਤਾ ਮਹਿਸੂਸ ਕਰਦਾ ਹੈ । ( ਸਹੀ / ਗ਼ਲਤ) ਸਹੀ

( ੲ) ਭਾਰਤ ਸਾਈਕਲ ਦੇ ਯੁੱਗ ਵਿੱਚ ਨਹੀਂ ਪਹੁੰਚਿਆ ਤੇ ਸਾਈਕਲ਼ ਗਰੀਬਾਂ ਦੀ ਸਵਾਰੀ ਹੈ ਪ੍ਰੋਫ਼ੈਸਰ ਦੇ ਮਨ ਵਿੱਚ ਇਹ ਵਿਚਾਰ ਕਿਉਂ ਆਉਂਦੇ ਹਨ ?
ਇੱਕ ਭਾਰਤੀ ਲੀਡਰ ਦਾ ਧਿਆਨ ਯਾਦ ਆਉਂਦਾ ਹੈ

(ਹ ) ਇਸ ਕਹਾਣੀ ਵਿੱਚ ਕਿਹੜੀ ਸਾਂਝ ਦਾ ਜ਼ਿਕਰ ਆਇਆ ਹੈ ?
ਮਨੁੱਖ ਦੇ ਅੰਦਰ ਦੁਖੀ ਤੇ ਮੁਹਤਾਜ ਆਦਮੀ ਲਈ ਸੰਵੇਦਨਸ਼ੀਲਤਾ ਤੇ ਹਮਦਰਦੀ ਦੀ ਸਾਂਝ ਦਾ

( ਕ ) ' ਸਾਂਝ ' ਕਹਾਣੀ ਵਿੱਚ ਆਏ ਮੁੱਖ ਪਾਤਰ ਪ੍ਰੋਫ਼ੈਸਰ , ਚੀਰੇ ਵਾਲਾ ਸਾਈਕਲ ਸਵਾਰ ਅਤੇ ਬੁੱਢੀ ਮਾਈ ਹਨ । (ਸਹੀ/ਗਲਤ) ਸਹੀ

## 2. ਨੀਲੀ - ਕਰਤਾਰ ਸਿੰਘ ਦੁੱਗਲ

1. ਵਸਤੂਨਿਸ਼ਠ ਪ੍ਰਸ਼ਨ - ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਨੀਲੀ ਕਹਾਣੀ ਦੇ ਆਧਾਰ ' ਤੇ ਦੱਸੋ :

( ੳ ) ਲੇਖਕ ਦੀ ਤ੍ਰੀਮਤ ਨੇ ਗਵਾਲੇ ਨਾਲ ਕਿਹੜੀਆਂ - ਕਿਹੜੀਆਂ ਸ਼ਰਤਾਂ ਤੈਅ ਕੀਤੀਆਂ ਸਨ ? ਨੀਲੀ ਨੂੰ ਦਾਣਾ, ਖਲੀ ਤੇ ਵੜੇਵੇ ਚਾਰੇ ਤੇ ਉਨ੍ਹਾਂ ਦੇ ਸਾਹਮਣੇ ਦੁੱਧ ਚੋ ਕੇ ਉਨ੍ਹਾਂ ਨੂੰ ਦੇਵੇ

( ਅ ) ਲੇਖਕ ਦੀ ਤ੍ਰੀਮਤ ਨੇ ਨੀਲੀ ਨੂੰ ਇਸ ਕਰਕੇ ਪਸੰਦ ਕੀਤਾ ਸੀ ਕਿਉਂਕਿ ( **1 ) ਸੋਹਣੀ ਸਿਹਤਮੰਦ ਗਾਂ ਦਾ ਦੁੱਧ ਵਧੀਆ ਹੁੰਦਾ ਹੈ ।** ( 2 ) ਨੀਲੀ ਦੁੱਧ ਬਹੁਤ ਜ਼ਿਆਦਾ ਦੇਂਦੀ ਸੀ । ( ਠੀਕ ਉੱਤਰ ਅੱਗੇ / ਲਾਓ )

( ੲ) ਨੀਲੀ ਦੀ ਵੱਛੀ ਦੀ ਸ਼ਕਲ ਨਿਰੀ - ਪੂਰੀ ਨੀਲੀ ਵਰਗੀ ਸੀ । ( ਸਹੀ / ਗ਼ਲਤ ) ਸਹੀ

( ਸ ) ਨੀਲੀ ਦੀ ਵੱਛੀ ਮਰ ਗਈ ਸੀ ਕਿਉਂਕਿ : ( 1 ) ਗਵਾਲਾ ਉਸਨੂੰ ਚਾਰਾ ਨਹੀਂ ਖੁਆਉਂਦਾ ਸੀ । **( 2 ) ਗਵਾਲਾ ਉਸ ਲਈ ਚੂਲੀ ਭਰ ਦੁੱਧ ਵੀ ਨਹੀਂ ਸੀ ਛੱਡਦਾ । ( ਸਹੀ ਉੱਤਰ ਉੱਤੇ / ਦਾ ਨਿਸ਼ਾਨ ਲਾਓ )**

## 3. ਆਪਣਾ ਦੇਸ- ਸੰਤੋਖ ਸਿੰਘ ਧੀਰ

ਵਸਤੂਨਿਸ਼ਠ ਪ੍ਰਸ਼ਨ / ਛੋਟੇ ਉੱਤਰਾਂ ਵਾਲੇ ਪ੍ਰਸ਼ਨ : ' ਆਪਣਾ ਦੇਸ ' ਕਹਾਣੀ ਦੇ ਆਧਾਰ ਤੇ ਦੱਸੋ

( ੳ ) ਦੋਵੇਂ ਭਰਾ ਭਾਰਤ ਨੂੰ ਕਿੰਝ ਵੇਖ ਰਹੇ ਸਨ ? ਓਪਰਿਆ ਵਾਂਗ

( ਅ ) ਨਿਰੰਜਣ ਸਿੰਘ ਆਪਣੇ ਮੁੰਡਿਆਂ ਨੂੰ ਭਾਰਤ ਕਿਉਂ ਲੈ ਕੇ ਆਇਆ ਸੀ : **( 1 ) ਉਹ ਚਾਹੁੰਦਾ ਸੀ ਕਿ ਉਸ ਦੇ ਬੱਚੇ ਆਪਣੀ ਮਾਤ - ਭੂਮੀ ਨਾਲ ਜੁੜਨ** ( ii ) ਉਹ ਉਹਨਾਂ ਨੂੰ ਭਾਰਤ ਦਰਸ਼ਨ ਕਰਵਾਉਣਾ ਚਾਹੁੰਦਾ ਸੀ । ਉਪਰੋਕਤ ਵਿੱਚ ਸਹੀ ਉੱਤਰ ਉੱਤੇ ਸਹੀ ) ਲਾਓ ।

( ੲ) ਨਿਰੰਜਣ ਸਿੰਘ ਦੇ ਮੁੰਡਿਆਂ ਦੇ ਨਾਂ ਹਰਿੰਦਰ ਅਤੇ ਗੁਰਿੰਦਰ ਸਨ । ( ਸਹੀ / ਗਲਤ ) ਗ਼ਲ਼ਤ

( ਸ ) ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਆਪਣੀ ਸੰਤਾਨ ਬਾਰੇ ਕੀ ਚਿੰਤਾ ਕਰਦੇ ਹਨ ? ਕਿ ਕਿਤੇ ਉਹ ਆਪਣੀ ਬੋਲੀ ਤੇ ਸੱਭਿਆਚਾਰ ਤੋਂ ਦੂਰ ਨਾ ਹੋ ਜਾਣ

( ਹ ) " ਇਹਨਾਂ ਦਾ ਦੇਸ਼ ਇਹ ਹੈ ਵੀ ਨਹੀਂ । ਇਹਨਾਂ ਦਾ ਦੇਸ ਕੈਨੇਡਾ ਹੈ , ਮੇਜ਼ਬਾਨ ਨੇ ਇਹ ਸ਼ਬਦ ਕਿਉਂ ਕਹੇ ?

ਕਿਉਂਕਿ ਉਹ ਬਚਪਨ ਤੋਂ ਹੀ ਕੈਨੇਡਾ ਵਿਚ ਪਲੇ ਸਨ

( ਕ ) ਕਹਾਣੀ ਦੇ ਅੰਤ ਵਿੱਚ ਪਿਤਾ ਦੀਆਂ ਅੱਖਾਂ ਵਿੱਚ ਹੰਝੂ ਅਤੇ ਪੁੱਤਰਾਂ ਦੀਆਂ ਅੱਖਾਂ ਵਿੱਚ ਖ਼ੁਸ਼ੀ ਕਿਉਂ ਸੀ ?
ਪਿਤਾ ਆਪਣੇ ਦੇਸ਼ ਭਾਰਤ ਨੂੰ ਛੱਡ ਕੇ ਜਾ ਰਿਹਾ ਸੀ, ਪੁੱਤਰ ਆਪਣੇ ਦੇਸ਼ ਕੈਨੇਡਾ ਜਾ ਰਹੇ ਸਨ ।

## 4. ਮਾੜਾ ਬੰਦਾ - ਪ੍ਰੇਮ ਪ੍ਰਕਾਸ਼ .

ਵਸਤੂਨਿਸ਼ਠ ਪ੍ਰਸ਼ਨ / ਛੋਟੇ ਉੱਤਰਾਂ ਵਾਲੇ ਪ੍ਰਸ਼ਨ : ' ਮਾੜਾ ਬੰਦਾ` ਕਹਾਣੀ ਦੇ ਆਧਾਰ ' ਤੇ ਦੱਸੋ :

( ੳ ) ਮਾੜਾ ਬੰਦਾ ਕਹਾਣੀ ਵਿੱਚ ਮਾੜਾ ਬੰਦਾ ਕੌਣ ਹੈ ? ( i ) ਰਿਕਸ਼ੇਵਾਲਾ ( ii ) ਲੇਖਕ ਦੀ ਪਤਨੀ ( iii ) ਲੇਖਕ **( iv ) ਤਿੰਨਾਂ ਵਿੱਚੋਂ ਕੋਈ ਵੀ ਨਹੀਂ ।** ( ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ ( V ) ਲਾਓ ।

( ਅ ) ਲੇਖਕ ਦੀ ਪਤਨੀ ਬੇਚੈਨ ਸੀ , ਕਿਉਂਕਿ **( i ) ਰਿਕਸ਼ੇਵਾਲੇ ਨੇ ਪੈਸੇ ਵਗਾਹ ਮਾਰੇ ਸਨ** । ( ii ) ਉਸਨੇ ਰਿਕਸ਼ੇਵਾਲੇ ਨੂੰ ਤੈਅ ਕੀਤੇ ਪੈਸਿਆਂ ਤੋਂ ਘੱਟ ਪੈਸੇ ਦਿੱਤੇ ਸਨ ।

( ੲ ) ਲੇਖਕ ਕਿਸ ਨੂੰ ਚਿੱਠੀ ਲਿਖਣ ਦਾ ਯਤਨ ਕਰ ਰਿਹਾ ਸੀ ? ਭੂਆ ਦੇ ਪੁੱਤਰ ਨੂੰ

( ਸ ) ਲੇਖਕ ਦੀ ਪਤਨੀ ਦਾ ਰਿਕਸ਼ੇ ਵਾਲੇ ਨਾਲ ਝਗੜਾ ਕਿਉਂ ਹੋਇਆ : ( i ) ਕਿਉਂਕਿ ਰਿਕਸ਼ੇਵਾਲਾ ਤੈਅ ਕੀਤੇ ਪੈਸੇ ਮੰਗਦਾ ਸੀ । **( ii ) ਕਿਉਂਕਿ ਰਿਕਸ਼ੇਵਾਲਾ ਤੈਅ ਕੀਤੇ ਪੈਸਿਆਂ ਤੋਂ ਵੱਧ ਪੈਸੇ ਮੰਗਦਾ ਸੀ । ( ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ ( V ) ਲਾਓ )**

( ਹ ) ਰਿਕਸ਼ੇਵਾਲੇ ਨੇ ਪੈਸੇ ਕਿਉਂ ਵਗਾਹ ਮਾਰੇ ? ਕਿਉਂਕਿ ਉਹ ਵੱਧ ਪੈਸੇ ਲੈਣਾ ਚਾਹੁੰਦਾ ਸੀ।

## 5.ਘਰ ਜਾਹ ਆਪਣੇ - ਗੁਲਜਾਰ ਸਿੰਘ ਸੰਧੂ

ਵਸਤੂਨਿਸ਼ਠ ਪ੍ਰਸ਼ਨ / ਛੋਟੇ ਉੱਤਰਾਂ ਵਾਲੇ ਪ੍ਰਸ਼ਨ : " ਘਰ ਜਾਹ ਆਪਣੇ ' ਕਹਾਣੀ ਦੇ ਆਧਾਰ ' ਤੇ ਦੱਸੋ :

( ਉ ) ਵਿਆਹ ਇੱਕਠੇ ਮਿਲ ਕੇ ਬੈਠਣ ਦਾ ਇੱਕੋ - ਇੱਕ ਮੌਕਾ ਹੁੰਦਾ ਹੈ । (ਸਹੀ /ਗਲਤ) ਸਹੀ

( ਅ ) ਜੀਤੋ ਦੇ ਵੀਰ ਦੀ ਵਿਆਹ ਦੇ ਘਮਸਾਣ ਵਿੱਚ ਮੱਤ ਮਾਰੀ ਗਈ ਸੀ ਕਿਉਂਕਿ : **( 1 ) ਇੱਕ ਕੰਮ ਮੁੱਕਦਾ ਸੀ , ਦੂਜਾ ਉਸ ਲਈ ਤਿਆਰ ਹੁੰਦਾ ਸੀ ।** ( ii ) ਉਸਦੀ ਮਦਦ ਕਰਨ ਵਾਲਾ ਘਰ ਵਿੱਚ ਹੋਰ ਕੋਈ ਨਹੀਂ ਸੀ । ( ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ ( V ) ਲਾਓ )

( ੲ ) ਘਰਦਿਆਂ ਨੇ ਆਪਣਾ ਚਾਅ ਪੂਰਾ ਕਰਨ ਲਈ ਕਿਹੜਾ ਤਰੀਕਾ ਲੱਭ ਲਿਆ ? ਜੀਤੋ ਦਾ ਵਿਆਹ ਕਰਨ ਦਾ

( ਸ ) ਜੀਤੋ ਦੀ ਗੂੜ੍ਹੀ ਸਹੇਲੀ ਨੇ ਜੀਤੋ ਦੇ ਵੀਰ ਨੂੰ ਰੋ ਕੇ ਕੀ ਕਿਹਾ ? ਕਿ ਉਹ ਸਹੁਰੇ ਜਾ ਰਹੀ ਜੀਤੋ ਨਾਲ ਆਪ ਜਾਏ

( ਹ ) ਜੀਤੋ ਦੇ ਵੀਰ ਨੂੰ ਗੱਚ ਕਿਸ ਗੱਲ ਕਰਕੇ ਆ ਗਿਆ ? ਸਹੁਰੇ ਘਰ ਵਿਚ ਜੀਤੋ ਦੀ ਸਥਿਤੀ ਬਾਰੇ ਸੋਚ ਕੇ ।

## 6 .ਸਤੀਆ ਸੇਈ- ਦਲੀਪ ਕੌਰ ਟਿਵਾਣਾ

ਵਸਤੂਨਿਸ਼ਠ ਪ੍ਰਸ਼ਨ / ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਪਾਠ - ਅਭਿਆਸ 'ਸਤੀਆ ਸੇਈ' ਕਹਾਣੀ ਦੇ ਆਧਾਰ ' ਤੇ ਦੱਸੋ :

( ਉ ) ਗੱਡੀ ਵਿੱਚ ਅੰਨ੍ਹਾ ਮੰਗਤਾ ਕਿਸ ਬਾਰੇ ਗੀਤ ਗਾ ਰਿਹਾ ਸੀ ? ਸ਼ਹੀਦ ਭਗਤ ਸਿੰਘ ਤੇ ਉਸ ਦੀ ਮੰਗੇਤਰ ਬਾਰੇ

( ਅ ) ਗੀਤ ਸੁਣਨ ਉਪਰੰਤ ਲੇਖਕਾ ਦੇ ਮਨ ਵਿੱਚ ਕਿਸ ਬਾਰੇ ਖ਼ਿਆਲ ਆਉਣ ਲੱਗੇ ਸਲ ( i ) ਭਗਤ ਸਿੰਘ ਬਾਰੇ **( ii ) ਭਗਤ ਸਿੰਘ ਦੀ ਮੰਗੇਤਰ ਬਾਰੇ**
( ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ ( V ) ਲਾਓ )

( ੲ ) ਭਗਤ ਸਿੰਘ ਦੀ ਮੰਗੇਤਰ ਨੇ ਸਾਹਸ ਨਾਲ ਕਿਹੜੇ - ਕਿਹੜੇ ਕੰਮ ਕੀਤੇ ਸਨ : **( i ) ਮਿਹਨਤ - ਮਜੂਰੀ ਵਾਲੇ ਸਾਰੇ ਕੰਮ ਕੀਤੇ** । ( ii ) ਸਰਕਾਰ ਕੋਲੋਂ ਮਦਦ ਦੀ ਮੰਗ ਕੀਤੀ । ( ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ ( V ) ਲਾਓ )

( ਸ ) ਲੇਖਕਾਂ ਦਾ ਮਨ ਭਗਤ ਸਿੰਘ ਦੀ ਮੰਗੇਤਰ ਦੇ ਪੈਰ ਛੂਹਣ ਲਈ ਕਿਉਂ ਕੀਤਾ ? ਉਸਦਾ ਸਾਹਸ ਤੇ ਸਿਰੜ ਦੇਖ ਕੇ

( ਹ ) ਭਗਤ ਸਿੰਘ ਦੀ ਮੰਗੇਤਰ ਲੇਖਕਾ ਦੀ ਕਿਹੜੀ ਗੱਲੋਂ ਤ੍ਰਭਕ ਪਈ ਸੀ ? ਜਦੋਂ ਉਸ ਨੇ ਕਿਹਾ ਕਿ, " ਰੱਬ ਤੈਨੂੰ ਲੰਮੀ ਉਮਰ ਦੇਵੇ ।"

# ਪੰਜਾਬੀ ਲਾਜ਼ਮੀ - ਬਾਰ੍ਹਵੀਂ ਸ੍ਰੇਣੀ

## 1. ਪੰਜਾਬੀ ਸੱਭਿਆਚਾਰ - ਡਾ. ਬਰਿੰਦਰ ਕੌਰ

### ਪ੍ਰਸ਼ਨ 1. ਸੱਭਿਆਚਾਰ ਦੀ ਪਰਿਭਾਸ਼ਾ ਕੀ ਹੈ ?

**ਉੱਤਰ** - ਸੱਭਿਆਚਾਰ ਕਿਸੇ ਖ਼ਾਸ ਖਿੱਤੇ ਵਿਚ ਵਸਦੇ ਲੋਕਾਂ ਦੀ ਜੀਵਨ - ਜਾਚ ਹੁੰਦੀ ਹੈ। ਇਸ ਵਿਚ ਉਨ੍ਹਾਂ ਲੋਕਾਂ ਦਾ ਰਹਿਣ - ਸਹਿਣ , ਕਦਰਾਂ - ਕੀਮਤਾਂ ਵਿਚਾਰ , ਰੁਚੀਆਂ , ਮਨੌਤਾ , ਵਿਸ਼ਵਾਸ , ਖਾਣ - ਪੀਣ , ਰੀਤੀ - ਰਿਵਾਜ , ਪਹਿਰਾਵਾ , ਹਾਰ ਸ਼ਿੰਗਾਰ , ਬੋਲੀ , ਦਿਲ ਪਰਚਾਵੇ ਦੇ ਢੰਗ ਤੇ ਤਿਥ - ਤਿਉਹਾਰ ਆਦਿ ਸ਼ਾਮਿਲ ਹੁੰਦੇ ਹਨ।

### ਪ੍ਰਸ਼ਨ 2. ਸੱਭਿਆਚਾਰ ਤੇ ਉਪ - ਸੱਭਿਆਚਾਰ ਵਿਚ ਕੀ ਫ਼ਰਕ ਹੁੰਦਾ ਹੈ ?

**ਉੱਤਰ** - ਸੱਭਿਆਚਾਰ ਦਾ ਸੰਬੰਧ ਕਿਸੇ ਸਮੁੱਚੇ ਜਨ - ਸਮੂਹ ਜਾਂ ਭੂਗੋਲਿਕ ਖੇਤਰ ਨਾਲ ਹੁੰਦਾ ਹੈ , ਪਰੰਤੂ ਉਸ ਵਿਚ ਮੌਜੂਦ ਵੱਖ - ਵੱਖ ਭੂਗੋਲਿਕ , ਜਾਤੀਗਤ , ਨਸਲੀ ਜਾਂ ਭਾਸ਼ਾਈ ਇਕਾਈਆਂ ਕਰਕੇ ਵੱਖਰਤਾ ਵੀ ਮੌਜੂਦ ਹੁੰਦੀ ਹੈ , ਜਿਸਨੂੰ ਉਪ ਸਭਿਆਚਾਰ ਮੰਨਿਆ ਜਾਂਦਾ ਹੈ। ਉਦਾਹਰਨ ਦੇ ਤੌਰ ' ਤੇ ਜੇਕਰ ਭਾਰਤੀ ਸਭਿਆਚਾਰ ਨੂੰ ਦੇਖਿਆ ਜਾਵੇ , ਤਾਂ ਪੰਜਾਬੀ , ਬੰਗਾਲੀ ' ਤੇ ਮਰਾਠੀ ਆਦਿ ਇੱਥੋਂ ਦੇ ਉਪ - ਸਭਿਆਚਾਰ ਹਨ , ਪਰੰਤੂ ਇਹ ਆਪਣੇ - ਆਪਣੇ ਭੂਗੋਲਿਕ ਖੇਤਰਾਂ ਵਿੱਚ ਮੂਲ ਸਭਿਆਚਾਰ ਹਨ। ਇਸ ਪ੍ਰਕਾਰ ਜਿੱਥੇ ਪੰਜਾਬ ਦਾ ਆਪਣਾ ਪੰਜਾਬ ਸਭਿਆਚਾਰ ਹੈ , ਉੱਥੇ , ਮਾਝੀ , ਦੁਆਬੀ , ਮਲਵਈ , ਪੋਠੋਹਾਰੀ ਤੇ ਪੁਆਧੀ ਇਸਦੇ ਉਪ - ਸਭਿਆਚਾਰ ਹਨ। ਇਸੇ ਤਰ੍ਹਾਂ ਇਨ੍ਹਾਂ ਦੇ ਅੰਤਰਗਤ ਵੀ ਵੱਖ - ਵੱਖ ਜਾਤਾਂ , ਕਿੱਤਿਆਂ , ਧਰਮਾਂ ਦੇ ਉਪ - ਸਭਿਆਚਾਰ ਮੌਜੂਦ ਹਨ।

### ਪ੍ਰਸ਼ਨ 3. ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ।

**ਉੱਤਰ** - ਪੰਜਾਬੀ ਸੱਭਿਆਚਾਰ ਦੀ ਧਾਰਾ ਆਰੀਆ ਜਾਤੀ ਦੇ ਪੰਜਾਬ ਵਿਚ ਆਗਮਨ ਤੇ ਵਸੇਬੇ ਨਾਲ ਜੁੜੀ ਹੋਈ ਹੈ। ਵੈਦਿਕ ਸਭਿਆਚਾਰ ਦਾ ਮਹਾਨ ਗੀਥ ਤੇ ਭਾਰਤੀ ਸਭਿਆਚਾਰ ਦਾ ਪੁਰਾਤਨ ਮਹਾਨ ਸ੍ਰੋਤ ' ਰਿਗਵੇਦ ' ਪੰਜਾਬ ਵਿਚ ਹੀ ਰਚਿਆ ਗਿਆ। ਪੰਜਾਬੀ ਸਭਿਆਚਾਰ ਨੂੰ ਭਾਰਤੀ ਸਭਿਆਚਾਰ ਦਾ ਪਹਿਲਾ ਪੜਾਅ ਮੰਨਿਆ ਜਾਂਦਾ ਹੈ। ਪੰਜਾਬ ਨਾ ਕੇਵਲ ਹਿੰਦੁਸਤਾਨ ਦਾ ਪ੍ਰਵੇਸ਼ ਦੁਆਰ ਹੀ ਰਿਹਾ ਹੈ , ਸਗੋਂ ਹਿੰਦੁਸਤਾਨ ਦੇ ਨਾਮਕਰਨ ਵਿਚ ਵੀ ਇਸਦਾ ਵਿਸ਼ੇਸ਼ ਯੋਗਦਾਨ ਹੈ। ਰਿਗਵੇਦਿਕ ਕਾਲ ਵਿਚ ਪੰਜਾਬ ਨੂੰ ਸੱਤਾਂ ਦਰਿਆਵਾਂ ਦੀ ਧਰਤੀ ਹੋਣ ਕਰਕੇ ‘ ਸਪਤਸਿੰਧੂ ' ਕਿਹਾ ਗਿਆ , ਪਰੰਤੂ ਮਹਾਭਾਰਤ ਕਾਲ ਵਿੱਚ ਇਸਨੂੰ ਪੰਚ ਨਦ ਅਰਥਾਤ ਪੰਜਾਂ ਦਰਿਆਵਾਂ ਦੀ ਧਰਤੀ ਕਿਹਾ ਜਾਣ ਲੱਗਾ। ਪਿੱਛੋਂ ਮੁਸਲਮਾਨਾਂ ਦੇ ਆਉਣ ਨਾਲ ਇਹੋ ਪੰਜ ਨਦ ' ਸ਼ਬਦ ਹੀ ਬਦਲ ਕੇ ਫ਼ਾਰਸੀ ਵਿਚ ਪੰਜਾਬ ( ਪੰਜ + ਆਬ ) ਬਣ ਗਿਆ। ਭਾਰਤੀ ਸਭਿਆਚਾਰ ਦੀਆਂ ਪ੍ਰਮੁੱਖ ਘਟਨਾਵਾਂ ਵੀ ਪੰਜਾਬ ਵਿਚ ਹੀ ਵਾਪਰੀਆਂ। ਪਾਣਿਨੀ ਨੇ ਸੰਸਕ੍ਰਿਤ ਵਿਆਕਰਨ ਦੀ ਰਚਨਾ ਵੀ ਇਸੇ ਧਰਤੀ ਉੱਤੇ ਹੀ ਕੀਤੀ। ਭਗਵਤ ਗੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਮਹਾਨ ਗ੍ਰੰਥ ਵੀ ਇੱਥੇ ਹੀ ਰਚੇ ਗਏ ਤੇ ਇਹ ਉਹ ਸਮਾਂ ਸੀ ਜਦੋਂ ਪੰਜਾਬ ਦੀਆਂ ਹੱਦਾਂ ਅਜੋਕੇ ਰਾਜਨੀਤਿਕ ਪੰਜਾਬ ਨਾਲੋਂ ਕਿਤੇ ਵਿਸ਼ਾਲ ਸਨ। ਮੱਧਕਾਲ ਵਿਚ ਪੰਜਾਬ ਇਸਲਾਮੀ ਧਰਮ ਤੇ ਸੰਸਕ੍ਰਿਤੀ ਦਾ ਵੱਡਾ ਕੇਂਦਰ ਰਿਹਾ। ਪੰਜਾਬ ਦੀ ਬਹੁਤੀ ਵਸੋਂ ਨੇ ਇਸਲਾਮ ਧਰਮ ਗ੍ਰਹਿਣ ਕੀਤਾ , ਪਰੰਤੂ ਇੱਥੋਂ ਦੇ ਸੂਫ਼ੀ ਫ਼ਕੀਰਾਂ ਨੇ ਪੰਜਾਬ ਦੇ ਸਭਿਆਚਾਰ ਵਿਚ ਭਾਰਤੀ ਤੇ ਇਸਲਾਮੀ ਰੰਗ ਦਾ ਸੁਮੇਲ ਸਥਾਪਿਤ ਕਰਨ ਦਾ ਯਤਨ ਕੀਤਾ। ਗੁਰੂ ਸਾਹਿਬਾਂ ਨੇ ਆਪਣੀ ਰੋਈ ਮਾਨਵਤਾਵਾਦੀ ਸੋਚ ਅਨੁਸਾਰ ਨਵੇਂ ਸਿੱਖ ਧਰਮ ਤੇ ਫ਼ਲਸਫ਼ੇ ਦੀ ਨੀਂਹ ਰੱਖੀ , ਜੋ ਅਜੋਕੇ ਗਏ ਪੰਜਾਬੀ ਸਭਿਆਚਾਰ ਦਾ ਧੁਰਾ ਬਣਿਆ। ਪੰਜਾਬੀ ਸਭਿਆਚਾਰ ਇਤਿਹਾਸਿਕ ਸਫ਼ਰ ਵਿਚੋਂ ਗੁਜ਼ਰਦਿਆਂ ਸੱਤਾਂ ਦਰਿਆਵਾਂ ਤੋਂ ਪਹਿਲਾਂ ਪੰਜਾਂ ਦਰਿਆਵਾਂ ਦਾ ਤੇ ਫਿਰ 1947 ਵਿਚ ਢਾਈ ਕੁ ਦਰਿਆਵਾਂ ਦਾ ਰਹਿ ਗਿਆ, 1 ਨਵੰਬਰ1966 ਤੋਂ ਪੰਜਾਬ ਦੇ ਤਿੰਨ ਹਿੱਸੇ ਕਰ ਦਿੱਤੇ ਤੇ ਪੰਜਾਬ ਹੋਰ ਵੀ ਸੁਕੜ ਗਿਆ।

**ਪ੍ਰਸ਼ਨ 4. ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ ? ਸੰਸਾਰ ਦੇ ਸੱਭਿਆਚਾਰਾਂ ਵਿਚੋਂ ਪੰਜਾਬੀ ਸੱਭਿਆਚਾਰ ਕਿਵੇਂ ਵਿਲੱਖਣ ਹੈ ?**

**ਉੱਤਰ -** ਦੁਨੀਆ ਭਰ ਦੇ ਸੱਭਿਆਚਾਰਾਂ ਵਿਚੋਂ ਪੰਜਾਬੀ ਸੱਭਿਆਚਾਰ ਆਪਣੇ ਵਿਲੱਖਣ ਪਛਾਣ - ਚਿੰਨ੍ਹਾਂ ਦਾ ਧਾਰਨੀ ਹੈ | ਭਾਰਤ ਦਾ ਪ੍ਰਵੇਸ਼ ਦੁਆਰ ਰਿਹਾ ਹੋਣ ਕਰਕੇ ਇੱਥੋਂ ਦੇ ਵਾਸੀ ਸੂਰਮਿਆਂ ਦੀ ਕੌਮ ਹੈ , ਜਿਸ ਵਿਚ ਕੁਰਬਾਨੀ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਇਸੇ ਕਰਕੇ ਪ੍ਰੋ : ਪੂਰਨ ਸਿੰਘ ਇੱਥੋਂ ਦੇ ਜਵਾਨਾਂ ਨੂੰ ਮੌਤ ਨੂੰ ਮਖੌਲਾਂ ਕਰਨ ਵਾਲੇ ਆਖਦਾ ਹੈ। ਇਹ ਅਣਖ ਦਾ ਜੀਵਨ ਜਿਉਂਦੇ ਹਨ ਤੇ ਜ਼ਾਲਮ ਹਾਕਮਾਂ ਅੱਗੇ ਕਦੇ ਨਹੀਂ। ਪੰਜਾਬ ਰਾਜ ਅੰਨ ਦਾ ਭੰਡਾਰ ਹੈ , ਇਸ ਕਰਕੇ ਕਿਸੇ ਦੇ ਦਰ ਉੱਤੇ ਭੀਖ ਮੰਗਣਾਂ ਇਨ੍ਹਾਂ ਦੇ ਸੁਭਾ ਵਿਚ ਸ਼ਾਮਿਲ ਨਹੀਂ। ਪੰਜਾਬੀ ਸਭਿਆਚਾਰ ਦਾ ਇਕ ਹੋਰ ਵਿਸ਼ੇਸ਼ ਲੱਛਣ ਇਸਦਾ ਮਿੱਸਾਪਨ ਹੈ। ਕਈ ਸਦੀਆਂ ਤੋਂ ਵਿਦੇਸ਼ੀ ਹਮਲਾਵਰਾਂ ਜਿਨ੍ਹਾਂ ਵਿੱਚ ਮੁਸਲਮਾਨ ਮੁਗਲ ਤੇ ਅੰਗਰੇਜ਼ ਸ਼ਾਮਿਲ ਹਨ , ਦੇ ਇੱਥੇ ਕਾਬਜ਼ ਹੋਣ ਨਾਲ ਇਸਦਾ ਸਭਾ ਮਿੱਸਾ ਤੇ ' ਦਰੁਸਤ ਹਾਜ਼ਮੇ ਵਾਲਾ ਹੋ ਨਿਬੜਿਆ ਹੈ। ਇੱਥੋਂ ਦੀ ਬੋਲੀ ਪਹਿਰਾਵੇ , ਰੀਤੀ - ਰਿਵਾਜ਼ਾਂ ਤੇ ਮਨੌਤਾਂ ਤੋਂ ਪੰਜਾਬੀ ਸਭਿਆਚਾਰ ਦੇ ਬਹੁ - ਜਾਤੀ , ਬਹੁ - ਕੌਮੀ ਤੇ ਬਹੁ - ਨਸਲੀ ਹੋਣ ਦੇ ਸੰਕੇਤ ਮਿਲਦੇ ਹਨ | ਬੇਸ਼ਕ ਪੰਜਾਬੀ ਮਿਹਨਤੀ ਸੁਭਾ ਵਾਲੇ ਹਨ ਤੇ ਇਸੇ ਮਿਹਨਤ ਸਦਕਾ ਹੀ ਇਨ੍ਹਾਂ ਨੇ ਹਰੀ - ਭਾਂਤੀ ਨਾਲ ਦੇਸ਼ ਦੇ ਅੰਨ ਦੇ ਭੰਡਾਰ ਭਰੇ ਹਨ , ਪਰੰਤੂ ਵਰਤਮਾਨ ਸਮੇਂ ਵਿਚ ਇੱਥੋਂ ਦੇ ਕੁਦਰਤੀ ਸੋਤਾ ਦੇ ਘਟਣ ਅਤੇ ਰਾਜਨੀਤਿਕ ਕਾਰਨਾਂ ਕਰਕੇ ਪੰਜਾਬ ਦੇ ਲੋਕਾਂ ਵਿਚ ਬਿਹਤਰ ਤੇ ਖੁਸ਼ਹਾਲ ਜੀਵਨ ਲਈ ਪੜ੍ਹ - ਲਿਖ ਕੇ ਬਾਹਰਲੇ ਮੁਲਕਾਂ ਵਿਚ ਜਾ ਕੇ ਵਸਣ ਦੀ ਰੁਚੀ ਵਧ ਰਹੀ ਹੈ। ਜਿਸ ਕਾਰਨ ਮਨੁੱਖੀ ਸੁਭਾ ਤੇ ਇਕ - ਦੂਜੇ ਪ੍ਰਤੀ ਵਰਤਾਓ ਵਿਚ ਤਬਦੀਲੀ ਆ ਰਹੀ ਹੈ। ਯਕੀਨਨ ਵਿਸ਼ਵ ਪੱਧਰ ' ਤੇ ਬਦਲ ਰਹੀਆਂ ਪ੍ਰਸਥਿਤੀਆਂ ਪੰਜਾਬੀ ਮਾਨਸਿਕਤਾ ਵਿਚ ਕੁੱਝ ਤਬਦੀਲੀ ਲਿਆ ਰਹੀਆਂ ਹਨ ਤੇ ਅਜਿਹਾ ਹੋਣਾ ਸੁਭਾਵਿਕ ਵੀ ਹੈ , ਪਰੰਤੂ ਪੰਜਾਬੀ ਸਭਿਆਚਾਰ ਆਪਣੇ ਮੂਲ ਰੂਪ ਨੂੰ ਕਾਇਮ ਰੱਖ ਰਿਹਾ ਹੈ।

## 2. ਪੰਜਾਬ ਦੇ ਮੇਲੇ ਤੇ ਤਿਉਹਾਰ - ਡਾ. ਐੱਸ. ਐੱਸ. ਵਣਜਾਰਾ ਬੇਦੀ

**ਪ੍ਰਸ਼ਨ 1. ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ ?**

ਉੱਤਰ - ਕਿਸੇ ਜਾਤੀ ਦੀ ਸੰਸਕ੍ਰਿਤਕ ਨੁਹਾਰ ਮੇਲਿਆਂ ਵਿਚੋਂ ਪੂਰੀ ਤਰ੍ਹਾਂ ਪ੍ਰਤੀਬਿੰਬਤ ਹੁੰਦੀ ਹੈ। ਮੇਲਿਆਂ ਵਿਚ ਜਾਤੀ ਪੂਰੀ ਖੁੱਲ੍ਹ ਮਾਣਦੀ ਹੈ , ਲੋਕ - ਪ੍ਰਤਿਭਾ ਨਿੱਖਰਦੀ ਹੈ ਅਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮੇਲੇ ਮਨ - ਪਰਚਾਵੇ ਤੇ ਸਮੂਹਿਕ ਮੇਲ - ਜੋਲ ਦੇ ਸਮੂਹਿਕ ਵਸੀਲੇ ਹੋਣ ਤੋਂ ਇਲਾਵਾ ਧਾਰਮਿਕ ਤੇ ਕਲਾਤਮਿਕ ਭਾਵਾਂ ਦੀ ਤ੍ਰਿਪਤੀ ਵੀ ਕਰਦੇ ਹਨ। ਇਨ੍ਹਾਂ ਵਿੱਚ ਜਾਤੀ ਦਾ ਸਮੁੱਚਾ ਮਨ ਤਾਲ - ਬੱਧ ਹੋ ਕੇ ਨੱਚਦਾ ਹੈ ਤੇ ਇਕ - ਸੁਰ ਹੋ ਕੇ ਗੂੰਜਦਾ ਹੈ।

**ਪ੍ਰਸ਼ਨ 2. ' ਮੇਲਾ ਬੀਜ ਰੂਪ ਵਿਚ ਪੰਜਾਬੀ ਚਰਿੱਤਰ ਵਿਚ ਸਮਾਇਆ ਹੋਇਆ ਹੈ। ' ' ਦੱਸੋ ਕਿਵੇਂ ?**

**ਉੱਤਰ** - ਇਹ ਗੱਲ ਠੀਕ ਹੈ ਕਿ ਮੇਲਾ ਬੀਜ ਰੂਪ ਵਿਚ ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੋਇਆ ਹੈ। ਪੰਜਾਬੀਆਂ ਲਈ ਹਰ ਪਲ ਪੁਰਬ ਤੇ ਹਰ ਦਿਨ ਮੇਲਾ ਹੁੰਦਾ ਹੈ। ਇਸੇ ਕਰਕੇ ਦੂਜੇ ਪ੍ਰਾਂਤਾਂ ਦੇ ਲੋਕ ਕਹਿੰਦੇ ਹਨ ਕਿ ਪੰਜਾਬੀ ਦੁਨੀਆਂ ਵਿਚ ਆਏ ਹੀ ਮੇਲਾ ਮਨਾਉਣ ਲਈ ਹਨ। ਜਿੱਥੇ ਸੱਤ - ਅੱਠ ਪੰਜਾਬੀ ਇਕੱਠੇ ਹੋ ਜਾਣ , ਉਹ ਤੁਰਦਾ - ਫਿਰਦਾ ਮੇਲਾ ਬਣ ਜਾਂਦਾ ਹੈ , ਪਰ ਜਦੋਂ ਸਚਮੁੱਚ ਹੀ ਕੋਈ ਤਿਉਹਾਰ ਜਾਂ ਮੇਲਾ ਹੁੰਦਾ ਹੈ , ਤਾਂ ਪੰਜਾਬੀਆਂ ਦਾ ਭਖਦਾ ਉਤਸ਼ਾਹ ਦੇਖਣ ਵਾਲਾ ਹੁੰਦਾ ਹੈ। ਪੰਜਾਬੀ ਜੀਵਨ ਵਿਚ ਮੇਲਿਆਂ ਤੇ ਤਿਉਹਾਰਾਂ ਦਾ ਕਾਫ਼ਲਾ ਸਾਲ ਦੇ ਆਰੰਭ ਤੋਂ ਲੈ ਕੇ ਸਾਲ ਦੇ ਅੰਤ ਤਕ ਚਲਦਾ ਹੈ। ਕੋਈ ਮਹੀਨਾ ਅਜਿਹਾ ਨਹੀਂ ਜਿਸ ਵਿਚ ਦੋ - ਤਿੰਨ ਮੇਲੇ ਜਾਂ ਤਿਉਹਾਰ ਨਾ ਆਉਂਦੇ ਹੋਣ , ਜਿਨ੍ਹਾਂ ਵਿਚ ਪੰਜਾਬੀ ਜੀਵਨ ਖੁੱਲ੍ਹਾਂ ਮਾਣਦਾ ਤੇ ਮਾਨਸਿਕ ਤ੍ਰਿਪਤੀ ਪ੍ਰਾਪਤ ਕਰਦਾ ਹੈ। ਮੇਲਿਆਂ ਦਾ ਅਨੰਦ ਲੈਣ ਦਾ ਇਹ ਸਿਲਸਿਲਾ ਪੰਜਾਬੀ ਜੀਵਨ ਵਿੱਚ ਲਗਾਤਾਰ ਚਲਦਾ ਰਹਿੰਦਾ ਹੈ। ਮੇਲੇ ਵਿਚ ਤਾਂ ਪੰਜਾਬੀ ਸਚਮੁੱਚ ਲਾੜਾ ਬਣਿਆ ਫਿਰਦਾ ਹੈ। ਉਸ ਦਾ ' ਨਿੱਜ ' ਘੋੜੀ ਚੜ੍ਹਿਆ ਹੁੰਦਾ ਹੈ। ਇਸੇ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਮੇਲਾ ਬੀਜ ਰੂਪ ਵਿਚ ਹੀ ਪੰਜਾਬੀ ਜੀਵਨ ਵਿਚ ਸਮਾਇਆ ਹੋਇਆ ਹੈ।

**ਪ੍ਰਸ਼ਨ 3. ਪੰਜਾਬ ਦੇ ਮੇਲਿਆਂ ਵਿਚ ਕਿਹੜੀ - ਕਿਹੜੀ ਵਿਸ਼ੇਸ਼ਤਾ ਹੈ ?**

**ਉੱਤਰ** - ਪੰਜਾਬ ਦੇ ਹਰ ਮੇਲੇ ਦੀ ਆਪਣੀ ਨਵੇਕਲੀ ਸ਼ਖ਼ਸੀਅਤ , ਰੰਗ ਤੇ ਚਰਿੱਤਰ ਹੈ। ਇਨ੍ਹਾਂ ਦੀ ਬਹੁਗਤਾ ਪੰਜਾਬੀਆਂ ਦੀ ਬਹੁਪੱਖੀ ਜ਼ਿੰਦਗੀ ਦਾ ਹੁੰਗਾਰਾ ਭਰਦੀ ਹੈ। ਪੰਜਾਬ ਦੇ ਮੇਲੇ ਦਾ ਹਰ ਦ੍ਰਿਸ਼ ਮਨਮੋਹਣਾ ਤੇ ਲੁਭਾਉਣਾ ਹੋਣ ਦੇ ਨਾਲ ਸਭਿਆਚਾਰਕ ਪ੍ਰਤੀਨਿਧਤਾ ਵੀ ਕਰਦਾ ਹੈ। ਪੰਜਾਬ ਦੇ ਹਰ ਮੇਲੇ ਵਿੱਚ ਇਕ ਭਰਪੂਰ ਬਜ਼ਾਰ ਉੱਭਰ ਆਉਂਦਾ ਹੈ ਕਿਉਂਕਿ ਪੰਜਾਬੀ ਹਰ ਮੇਲੇ ' ਤੇ ਕੋਈ ਨਾ ਕੋਈ ਨਵੀਂ ਚੀਜ਼ ਜ਼ਰੂਰ ਖ਼ਰੀਦਦੇ ਹਨ। ਮੇਲਿਆਂ ਦੇ ਬਜ਼ਾਰ ਵਿਚ ਖਾਣ - ਪੀਣ , ਸ਼ਿੰਗਾਰ , ਖਿਡੌਣਿਆਂ ਤੇ ਦਿਲ - ਪਰਚਾਵੇ ਦੀਆਂ ਵੰਨ - ਸੁਵੰਨੀਆਂ ਦੁਕਾਨਾਂ ਉੱਭਰ ਆਉਂਦੀਆਂ ਹਨ।

**ਪ੍ਰਸ਼ਨ -4 : ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ - ਕਿਹੜੇ ਹਨ ? ਇਨ੍ਹਾਂ ਵਿੱਚੋਂ ਇਕ ਮੇਲੇ ਬਾਰੇ ਸੰਖੇਪ ਨੋਟ ਲਿਖੋ।**

**ਉੱਤਰ** - ਬਸੰਤ - ਪੰਚਮੀ , ਹੋਲੀ , ਹੋਲਾ - ਮਹੱਲਾ ਵਿਸਾਖੀ ਤੇ ਤੀਆਂ ਆਦਿ ਪੰਜਾਬ ਦੇ ਮੁੱਖ ਮੋਸਮੀ ਮੇਲੇ ਹਨ। ਇਨ੍ਹਾਂ ਵਿਚੋਂ ਬਸੰਤ - ਪੰਚਮੀ ਦਾ ਮੇਲਾ ਬਸੰਤ ਰੁੱਤ ਦੇ ਆਰੰਭ ਹੋਣ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਥਾਂ - ਥਾਂ ' ਤੇ ਨਿੱਕੇ - ਵੱਡੇ ਮੇਲੇ ਲਗਦੇ ਹਨ। ਇਨ੍ਹਾਂ ਦਿਨਾਂ ਵਿਚ ਲੋਕ ਬਸੰਤੀ ਕੱਪੜੇ ਪਾਉਂਦੇ ਅਤੇ ਬਸੰਤੀ ਹਲਵਾ ਬਣਾਉਂਦੇ ਹਨ। ਪਟਿਆਲੇ ਤੇ ਛੇਹਰਟੇ ਦੇ ਬਸੰਤ ਪੰਚਮੀ ਦੇ ਮੇਲੇ ਬਹੁਤ ਪ੍ਰਸਿੱਧ ਹਨ। ਵੰਡ ਤੋਂ ਪਹਿਲਾਂ ਲਾਹੌਰ ਵਿਚ ਹਕੀਕਤ ਰਾਇ ਧਰਮੀ ਦੀ ਸਮਾਧ ' ਤੇ ਬੜਾ ਭਾਰੀ ਮੇਲਾ ਲਗਦਾ ਸੀ।

**ਪ੍ਰਸ਼ਨ 5. ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਸਰਪ - ਪੂਜਾ ਨਾਲ ਸਬਧਿਤ ਮਲ ਕਿਹੜੇ - ਕਿਹੜੇ ਹਨ | ਇਨ੍ਹਾਂ ਵਿੱਚ ਕਿਸ ਇਕ ਮੇਲੇ ਦਾ ਵਰਣਨ ਕਰੋ।**

**ਉੱਤਰ** - ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਸਰਪ - ਪੂਜਾ ਨਾਲ ਬਹੁਤ ਸਾਰੇ ਮੇਲੇ ਸੰਬੰਧਿਤ ਹਨ। ਪਹਿਲੇ ਸਮੇਂ ਵਿਚ ਕਿਸਾਨ ਪੈਲੀ ਨੂੰ ਵਾਹੁਣ , ਬੀਜਣ ਤੇ ਵੱਢਣ ਤੋਂ ਪਹਿਲਾਂ ਨਾ ਪੂਜਾ ਕਰਦੇ ਸਨ ਤੇ ਇਨੀਂ ਦਿਨੀਂ ਖੇਤਾਂ ਵਿਚ ਮੇਲੇ ਵੀ ਲਗਦੇ ਹੁੰਦੇ ਸਨ। ਪੰਜਾ ਸਾਹਿਬ ਦੇ ਚਸ਼ਮੇ ਨੂੰ ਨਾਗਾਂ ਦੇ ਰਾਜੇ ਨਾਲ ਸੰਬੰਧਿਤ ਸਮਝਿਆ ਜਾਂਦਾ ਹੈ , ਜਿੱਥੇ ਪ੍ਰਾਚੀਨ ਕਾਲ ਵਿਚ ਲੋਕ ਮੀਹ ਲਈ ਪ੍ਰਾਰਥਨਾ ਕਰਦੇ ਹੁੰਦੇ ਸਨ। ਮੁਸਲਮਾਨੀ ਰਾਜ ਤੋਂ ਪਹਿਲਾਂ ਇੱਥੇ ਭਾਰੀ ਮੇਲਾ ਲਗਦਾ ਹੁੰਦਾ

ਸੀ। ਇਨ੍ਹਾਂ ਮੇਲਿਆਂ ਨੂੰ ਨਾਗ ਮਾਹ ਕਿਹਾ ਜਾਂਦਾ ਹੈ। ਪੰਜਾਬ ਵਿਚ ਗੁੱਗੇ ਦੀ ਪੂਜਾ ਮੂਲ ਰੂਪ ਵਿਚ ਸਰਪ - ਪੂਜਾ ਦਾ ਹੀ ਵਧੇਰੇ ਸੁਧਰਿਆ ਰੂਪ ਹੈ। ਪੰਜਾਬ ਵਿਚ ਗੁੱਗੇ ਦੀ ਪੂਜਾ ਨਾਲ ਸੰਬੰਧਿਤ ਸਭ ਤੋਂ ਵੱਡਾ ਮੇਲਾ ਛਪਾਰ ਵਿਚ ਭਾਦਰੋਂ ਸੁਦੀ ਚੌਦਾਂ ਨੂੰ ਲਗਦਾ ਹੈ। ਇੱਥੇ ਪਿੰਡ ਦੀ ਦੱਖਣੀ ਗੁੱਠੇ ਗੁੱਗੇ ਪੀਰ ਦੀ ਮਾੜੀ ਹੈ, ਜਿਸ ਦੀ ਗੁੱਗੇ ਦੇ ਭਗਤਾਂ ਨੇ ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ 1890 ਬਿਕਰਮੀ ਵਿਚ ਸਥਾਪਨਾ ਕੀਤੀ ਸੀ ਤੇ ਉਦੋਂ ਤੋਂ ਹੀ ਇਹ ਮੇਲਾ ਲਗਦਾ ਆ ਰਿਹਾ ਹੈ।

**ਪ੍ਰਸ਼ਨ 6. ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ ? ਦੇਵੀ ਮਾਤਾ ਨਾਲ ਸੰਬੰਧਿਤ ਕਿਸੇ ਇਕ ਮੇਲੇ ਬਾਰੇ ਸੰਖੇਪ ਨੋਟ ਲਿਖੋ।**

**ਉੱਤਰ** - ਦੇਵੀ ਮਾਤਾ ਦੇ ਮੇਲੇ ਦੇਵੀ ਮਾਤਾ ਨੂੰ ਪਤਿਆਉਣ ਲਈ ਲਗਦੇ ਹਨ। ਦੇਵੀ ਮਾਤਾ ਦੀ ਪੂਜਾ ਮੁੱਢ - ਕਦੀਮ ਤੋਂ ਚਲੀ ਆ ਰਹੀ ਹੈ। ਹੜੱਪਾ ਤੇ ਮੁਹਿੰਜੋਦੜੋ ਦੀ ਖੁਦਾਈ ਤੋਂ ਮਿਲੀਆਂ ਮੂਰਤੀਆਂ ਤੋਂ ਦੇਵੀ - ਮਾਤਾ ਦੀ ਪੂਜਾ ਦੇ ਪੁਰਾਤਨ ਪ੍ਰਮਾਣ ਮਿਲਦੇ ਹਨ। ਇਹ ਮੇਲੇ ਦੇਵੀ ਮਾਤਾ ਦੀ ਕਰੋਪੀ ਤੋਂ ਬਚਣ ਲਈ ਤੇ ਉਸ ਨੂੰ ਖੁਸ਼ ਕਰਨ ਲਈ ਪੁਰਾਤਨ ਕਾਲ ਤੋਂ ਲਗਦੇ ਆਏ ਹਨ।
ਸਾਂਝੀ ਦੇਵੀ ਦੀ ਪੂਜਾ - ਸ਼ਾਂਝੀ ਦੇਵੀ ਦੀ ਪੂਜਾ ਕਰਨ ਲਈ ਪਹਿਲੇ ਨੌਰਾਤੇ ਨੂੰ ਗੋਹੇ ਵਿਚ ਮਿੱਟੀ ਗੰਨ ਕੇ ਘਰ ਦੀ ਕਿਸੇ ਕੰਧ ਉੱਤੇ ਸਾਂਝੀ ਮਾਈ ਦੀ ਮੂਰਤੀ ਬਣਾ ਲਈ ਜਾਂਦੀ ਹੈ। ਉਸ ਨੂੰ ਫੁੱਲਾਂ, ਕੌਡੀਆਂ ਤੇ ਮੋਤੀਆਂ ਨਾਲ ਸਜਾਇਆ ਤੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਇਕ ਪਾਸੇ ਚੰਨ ਚੜ੍ਹਦਾ ਤੇ ਦੂਜੇ ਪਾਸੇ ਸੂਰਜ ਡੁੱਬਦਾ ਵਿਖਾਇਆ ਜਾਂਦਾ ਹੈ। ਕਈ ਘਰਾਂ ਵਿਚ ਸ਼ਾਂਤੀ ਦੇਵੀ ਦੀ ਮੂਰਤੀ ਦੀ ਥਾਂ ਉਸ ਦਾ ਚਿਤਰ ਹੀ ਬਣਾਇਆ ਜਾਂਦਾ ਹੈ ਤੇ ਪੂਜਾ ਹਰ ਰੋਜ਼ ਸ਼ਾਮ ਵੇਲੇ ਕੀਤੀ ਜਾਂਦੀ ਹੈ। ਦੁਸਹਿਰੇ ਵਾਲੇ ਦਿਨ ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕਿਸੇ ਟੋਭੇ ਜਾਂ ਨਦੀ - ਨਾਲੇ ਵਿਚ ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ।

**ਪ੍ਰਸ਼ਨ 7. ਜਿਹੜੇ ਗੁਰੂ ਸਾਹਿਬਾਂ ਦੀ ਸਿਮਰਤੀ ਵਿਚ ਪੰਜਾਬ ਦੇ ਕਿਹੜੇ - ਕਿਹੜੇ ਕਿਸੇ ਇਕ ਮੇਲੇ ਬਾਰੇ ਜਾਣਕਾਰੀ ਦਿਓ।**

**ਉੱਤਰ** - ਪੰਜਾਬ ਵਿਚ ਗੁਰੂ ਸਾਹਿਬਾਂ ਦੇ ਪਾਵਨ ਸਥਾਨਾਂ ਉੱਤੇ ਖ਼ਾਸ - ਖ਼ਾਸ ਮੌਕਿਆਂ ਉੱਤੇ ਮੇਲੇ ਲਗਦੇ ਹਨ। ਪੱਛਮੀ ਪੰਜਾਬ ਵਿਚ ਪੰਜਾ ਸਾਹਿਬ ਵਿਖੇ ਹਰ ਪੂਰਨਮਾਸ਼ੀ ਨੂੰ ਮੇਲਾ ਲਗਦਾ ਸੀ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉੱਤੇ ਡੇਰਾ ਸਾਹਿਬ, ਲਾਹੌਰ ਵਿਚ ਭਾਰੀ ਜੋੜ - ਮੇਲਾ ਲਗਦਾ ਸੀ। ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਉੱਤੇ ਦੇਸ਼ ਦੀ ਵੰਡ ਤੋਂ ਪਹਿਲਾਂ ਭਾਰੀ ਮੇਲਾ ਲਗਦਾ ਸੀ। ਇਹ ਮੇਲਾ ਕਿਸੇ ਹੱਦ ਤਕ ਹੁਣ ਵੀ ਲਗਦਾ ਹੈ। ਇਨ੍ਹਾਂ ਤੋਂ ਇਲਾਵਾ ਮਾਘੀ ਦੇ ਦਿਨ ਮੁਕਤਸਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਾਲੀ ਮੁਕਤਿਆਂ ਦੀ ਟੁੱਟੀ ਗੰਢਣ ਸੰਬੰਧੀ ਭਾਰੀ ਮੇਲਾ ਲਗਦਾ ਹੈ। ਚੇਤ ਵਦੀ ਪਹਿਲੀ ਨੂੰ ਆਨੰਦਪੁਰ ਸਾਹਿਬ ਵਿਖੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਲੇ - ਮਹੱਲ ਦਾ ਮੇਲਾ ਲਗਦਾ ਹੈ, ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੰਘਾਂ ਨੂੰ ਯੁੱਧ - ਵਿੱਦਿਆ ਵਿਚ ਨਿਪੁੰਨ ਕਰਨ ਲਈ ਉਨ੍ਹਾਂ ਦੇ ਮੁਕਾਬਲਿਆਂ ਦੇ ਰੂਪ ਵਿਚ ਸ਼ੁਰੂ ਕੀਤਾ ਗਿਆ ਸੀ। ਤਰਨਤਾਰਨ ਵਿਖੇ ਹਰ ਮੱਸਿਆ ਨੂੰ ਲੱਗਣ ਵਾਲੇ ਮੇਲੇ ਵਿਚ ਲੋਕ ਭਾਰੀ ਗਿਣਤੀ ਵਿਚ ਪਹੁੰਚਦੇ ਹਨ। ਇਨ੍ਹਾਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਬੰਧੀ ਮੋਰਿੰਡਾ, ਚਮਕੌਰ ਸਾਹਿਬ ਤੇ ਫ਼ਤਹਿਗੜ੍ਹ ਸਾਹਿਬ ਵਿਚ ਜੋੜ - ਮੇਲੇ ਲਗਦੇ ਹਨ।

**ਮੁਕਤਸਰ ਦਾ ਮੇਲਾ** - ਇਹ ਮੇਲਾ ਮਾਘੀ ਵਾਲੇ ਦਿਨ ਮੁਕਤਸਰ ਵਿਚ ਲਗਦਾ ਹੈ। ਇਸ ਦਾ ਸੰਬੰਧ 1705 ਈ ਦੀ ਉਸਤ ਇਤਿਹਾਸਕ ਘਟਨਾ ਨਾਲ ਹੈ, ਜਦੋਂ ਸਰਹਿੰਦ ਦੇ ਸੂਬੇ, ਵਜ਼ੀਰ ਖਾਂ ਦੀਆਂ ਫ਼ੌਜਾਂ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰਦੀਆਂ ਮਾਲਵੇ ਦੇ ਇਲਾਕੇ ਵਿਚ ਆਈਆਂ, ਤਾਂ ਸਿੰਘਾਂ ਨੇ ਖਿਦਰਾਣੇ ( ਅਜੋਕਾ ਮੁਕਤਸਰ ) ਦੀ ਢਾਬ ਦੇ ਕੰਢੇ ਉਨ੍ਹਾਂ ਦਾ ਮੁਕਾਬਲਾ ਕੀਤਾ। ਇਸੇ ਯੁੱਧ ਵਿਚ ਚਾਲੀ ਸਿੰਘ, ਜੋ ਪਹਿਲਾਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ, ਸ਼ਹੀਦ ਹੋਏ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੇ ਜੱਥੇਦਾਰ ਮਹਾਂ ਸਿੰਘ ਦੀ ਬੇਨਤੀ ਮੰਨ ਕੇ ਬੇਦਾਵਾ ਪਾੜ ਦਿੱਤਾ ਤੇ ਉਨ੍ਹਾਂ ਨਾਲ ਟੁੱਟੀ ਗੰਢ ਲਈ॥ ਗੁਰੂ ਜੀ ਨੇ ਇਨ੍ਹਾਂ ਸ਼ਹੀਦ ਸਿੰਘਾਂ ਨੂੰ ਮੁਕਤੇ ਕਹਿ ਕੇ ਸਨਮਾਨਿਆ ਅਤੇ ਇਸ ਥਾਂ ਦਾ ਨਾਂ ਮੁਕਤਸਰ ਰੱਖਿਆ। ਮਾਘੀ ਵਾਲੇ ਦਿਨ ਸੰਗਤਾਂ ਹੁੰਮ - ਹੁਮਾ ਕੇ ਇੱਥੇ ਆਉਂਦੀਆਂ ਹਨ ਅਤੇ ਪਾਵਨ ਸਰੋਵਰ ਵਿਚ ਇਸ਼ਨਾਨ ਕਰਦੀਆਂ ਹਨ।

**ਪ੍ਰਸ਼ਨ 8. ਪੰਜਾਬ ਵਿਚ ਤਿੱਥਾਂ ਨਾਲ ਸੰਬੰਧਿਤ ਕਿਹੜੇ - ਕਿਹੜੇ ਤਿਉਹਾਰ ਮਨਾਏ ਜਾਂਦੇ ਹਨ ?**

**ਉੱਤਰ** - ਪੰਜਾਬ ਵਿਚ ਤਿੱਥਾਂ ਨਾਲ ਸੰਬੰਧਿਤ ਬਹੁਤ ਸਾਰੇ ਸਾਲ ਦੇ ਹਰ ਮਹੀਨੇ ਵਿਚ ਤਿੱਥ - ਤਿਉਹਾਰ ਮਨਾਏ ਜਾਂਦੇ ਹਨ। ਪੰਜਾਬ ਵਿਚ ਚੰਨ ਦੀਆਂ ਤਿੱਥਾਂ ਮੁਤਾਬਿਕ ਏਕਾਦਸ਼ੀ, ਮੱਸਿਆ, ਪੂਰਨਮਾਸ਼ੀ ਤੇ ਸੰਗਰਾਂਦ ਹਰ ਮਹੀਨੇ ਆਉਂਦੇ ਰਹਿੰਦੇ ਹਨ। ਇਨ੍ਹਾਂ ਤੋਂ ਇਲਾਵਾ ਨਵਾਂ ਸਾਲ ਚੜ੍ਹਦਿਆਂ ਚੇਤਰ ਦੀ ਏਕਮ ਨੂੰ

ਨਵਾਂ ਸੰਮਤ , ਚੇਤਰ ਸੁਦੀ ਅੱਠਵੀਂ ਨੂੰ ਕੰਜਕਾਂ , ਚੇਤਰ ਸੁਦੀ ਨੌ ਨੂੰ ਰਾਮ ਨੌਵੀਂ , ਸਾਵਣ ਵਿਚ ਤੀਆਂ ਸਾਵਣ ਦੀ ਪੂਰਨਮਾਸ਼ੀ ਨੂੰ ਰੱਖੜੀ , ਭਾਦੋਂ ਵਿਚ ਗੁੱਗਾ ਨੌਵੀਂ , ਭਾਦੋਂ ਦੀ ਕਿਸ਼ਨਾ ਪੱਖ ਦੀ ਅੱਠਵੀਂ ਨੂੰ ਜਨਮ ਅਸ਼ਟਮੀ , ਅੱਸੂ ਦੇ ਹਨੇਰੇ ਪੱਖ ਦੀਆਂ ਪੰਦਰਾਂ ਤਿੱਥਾਂ ਨੂੰ ਸਰਾਧ , ਅੱਸੂ ਦੇ ਚਾਨਣ ਪੱਖ ਦੀ ਏਕਮ ਤੋਂ ਨੌਵੀਂ ਤਕ ਨੌਰਾਤੇ , ਨੌਰਾਤਿਆਂ ਵਿਚ ਮਾਤਾ ਗੋਰਜਾਂ ਤੇ ਸਾਂਝੀ ਦੇਵੀ ਦੀ ਪੂਜਾ , ਰਾਮ - ਲੀਲ੍ਹਾ ਦੁਸਹਿਰਾ , ਕੱਤਕ ਦੀ ਮੱਸਿਆ ਨੂੰ ਦੀਵਾਲੀ , ਹਨੇਰੇ ਪੱਖ ਦੀ ਚੌਥੀ ਤਿੱਥ ਨੂੰ ਕਰਵਾ ਚੋਥ , ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ , ਪੋਹ ਮਹੀਨੇ ਦੇ ਆਖ਼ਰੀ ਦਿਨ ਲੋਹੜੀ , ਮਾਘ ਦੀ ਏਕਮ ਨੂੰ ਮਕਰ ਸੰਕ੍ਰਾਂਤੀ ਜਾਂ ਮਾਘੀ ਤੇ ਫੱਗਣ ਦੀ ਮੱਸਿਆ ਨੂੰ ਸ਼ਿਵਰਾਤਰੀ ਦਾ ਤਿਉਹਾਰ ਆਉਂਦਾ ਹੈ। ਇਸ ਤਰ੍ਹਾਂ ਪੰਜਾਬ ਵਿਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਲਗਾਤਾਰ ਚਲਦਾ ਹਾ ਹੈ।

## 3. ਪੰਜਾਬ ਦੇ ਰਸਮ – ਰਿਵਾਜ - ਸ੍ਰੀ ਗੁਲਜ਼ਾਰ ਸਿੰਘ

**ਪ੍ਰਸ਼ਨ - 1. ਮਨੁੱਖੀ ਜੀਵਨ ਵਿਚ ਰਸਮਾਂ - ਰਿਵਾਜਾਂ ਦਾ ਕੀ ਮਹੱਤਵ ਹੈ ?**

**ਉੱਤਰ** - ਮਨੁੱਖੀ ਜੀਵਨ ਵਿਚ ਰਸਮਾਂ - ਰਿਵਾਜਾਂ ਦਾ ਭਾਰੀ ਮਹੱਤਵ ਹੈ। ਇਹ ਭਾਈਚਾਰਕ ਜੀਵਾਂ ਦੇ ਮਨਾਂ ਦੀਆਂ ਸਿੱਕਾਂ , ਸੱਧਰਾਂ ਤੇ ਜਜ਼ਬਿਆਂ ਦੀ ਤਰਜਮਾਨੀ ਕਰਦੀਆਂ ਹਨ। ਇਹ ਮਨੁੱਖੀ ਜੀਵਨ ਵਿਚ ਆਉਣ ਵਾਲੇ ਜਨਮ ਤੇ ਵਿਆਹ ਵਰਗੇ ਖੁਸ਼ੀ ਦੇ ਮੌਕਿਆਂ ਨੂੰ ਸੁਹਾਉਣੇ , ਦਿਲਚਸਪ ਤੇ ਮੇਲ - ਮਿਲਾਪ ਭਰਪੂਰ ਬਣਾ ਦਿੰਦੀਆਂ ਹਨ ਅਤੇ ਮੌਤ ਵਰਗੀ ਦੁਖਦਾਈ ਘਟਨਾ ਸਮੇਂ ਮਨੁੱਖ ਦੇ ਮਨ ਦਾ ਭਾਰ ਹਲਕਾ ਕਰਨ ਵਿਚ ਸਹਾਈ ਹੁੰਦੀਆਂ ਹਨ। ਇਸ ਤਰ੍ਹਾਂ ਇਹ ਮਨੁੱਖੀ ਜੀਵਨ ਵਿਚ ਉਸਾਰੂ ਰੋਲ ਅਦਾ ਕਰਦੀਆਂ ਹਨ। ਪਰ ਜਦੋਂ ਇਹ ਦਿਖਾਵੇ ਦਾ ਰੂਪ ਧਾਰ ਲੈਂਦੀਆਂ ਹਨ , ਤਾਂ ਇਨ੍ਹਾਂ ਦਾ ਅਸਰ ਬੁਰਾ ਹੀ ਹੁੰਦਾ ਹੈ।

**ਪ੍ਰਸ਼ਨ 2. ਰਸਮਾਂ - ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ ?**

**ਉੱਤਰ** - ਰਸਮਾਂ - ਰਿਵਾਜਾਂ ਦੇ ਪੈਦਾ ਹੋਣ ਦਾ ਇਕ ਕਾਰਨ ਤਾਂ ਮੁੱਢਲੇ ਮਨੁੱਖ ਦੁਆਰਾ ਭੈਭੀਤ ਕਰਨ ਵਾਲੀਆਂ ਦੈਵੀ ਤਾਕਤਾਂ ਨੂੰ ਰੀਝਾਉਣ ਤੇ ਪਤਿਆਉਣ ਲਈ ਕੀਤੇ ਯਤਨਾਂ ਵਿਚੋਂ ਲੱਭਿਆ ਜਾ ਸਕਦਾ ਹੈ। ਦੂਸਰੇ ਜਨਮ ਤੇ ਵਿਆਹ ਆਦਿ ਖੁਸ਼ੀ ਦੇ ਮੌਕਿਆਂ ਅਤੇ ਮੌਤ ਆਦਿ ਗਮੀ ਦੇ ਮੌਕੇ ਨੇ ਵੀ ਰਸਮਾਂ - ਰਿਵਾਜਾਂ ਨੂੰ ਜਨਮ ਦਿੱਤਾ ਹੈ। ਮਨੂੰ ਜੀ ਦੁਆਰਾ ਮਨੁੱਖੀ ਜੀਵਨ ਦੀ ਚਾਰ ਭਾਗਾਂ - ਬ੍ਰਹਮਚਰਜ , ਗ੍ਰਹਿਸਥ , ਬਾਨਪ੍ਰਸਥ ਤੇ ਸੰਨਿਆਸ ਵਿਚ ਕੀਤੀ ਵੰਡ ਨਾਲ ਵੀ ਕੁੱਝ ਸੰਸਕਾਰ ਬੱਝੇ ਹੋਏ ਹਨ। ਇਨ੍ਹਾਂ ਸੰਸਕਾਰਾਂ ਨੇ ਹੀ ਰਸਮਾਂ - ਰਿਵਾਜਾਂ ਦੀ ਪਰੰਪਰਾ ਨੂੰ ਵਧਾਇਆ ਤੇ ਅੱਗੇ ਤੋਰਿਆ।

**ਪ੍ਰਸ਼ਨ 3. ਪੰਜਾਬ ਵਿਚ ਜੀਵ ( ਬੱਚੇ ) ਦੇ ਜਨਮ ਨਾਲ ਸੰਬੰਧਿਤ ਕਿਹੜੇ - ਕਿਹੜੇ ਰਸਮ - ਰਿਵਾਜ ਹਨ ?**

**ਉੱਤਰ**- ਜਨਮ ਦੀਆਂ ਰਸਮਾਂ - ਜਨਮ ਦੇ ਸੰਸਕਾਰ ਇਸਤਰੀ ਦੇ ਗਰਭ ਧਾਰਨ ਤੋਂ ਹੀ ਆਰੰਭ ਹੋ ਜਾਂਦੇ ਹਨ। ਗਰਭ ਦੇ ਤੀਜੇ, ਪੰਜਵੇਂ ਜਾਂ ਸੱਤਵੇਂ ਮਹੀਨੇ ਇਸਤਰੀ ਦੇ ਪੱਲੇ ਅਨਾਜ ਪਾਇਆ ਜਾਂ ਬੰਨਿਆਂ ਜਾਂਦਾ ਹੈ , ਜਿਸ ਨੂੰ ਉਹ ਰਿੰਨ੍ਹ ਕੇ ਖਾਂਦੀ ਤੇ ਭਾਈਚਾਰੇ ਵਿਚ ਵੰਡਦੀ ਹੈ। ਪਹਿਲੇ ਬੱਚੇ ਦਾ ਜਨਮ ਆਮ ਕਰਕੇ ਉਸ ਦੇ ਨਾਨਕੇ ਪਿੰਡ ਹੁੰਦਾ ਹੈ। ਜਣੇਪੇ ਤੋਂ ਮਗਰੋਂ ਜੱਚਾ-ਬੱਚਾ ਨੂੰ ਧੂਫ ਦੇ ਕੇ ਦੀਵਾ ਬਾਲਿਆ ਜਾਂਦਾ ਹੈ,ਜਿਹੜਾ ਦਸ ਦਿਨ ਬਲਦਾ ਰਹਿੰਦਾ ਹੈ। ਮੁੰਡਾ ਜੰਮਣ ਤੇ ਪਿੰਡ ਦੇ ਲਾਗੀ ਤੇ ਭਾਈਚਾਰੇ ਦੇ ਬੰਦੇ ਵਧਾਈ ਦੇਣ ਆਉਂਦੇ ਹਨ। ਲਾਗੀਆਂ ਨੂੰ ਸ਼ਰਧਾ ਅਨੁਸਾਰ ਲਾਗ ਤੇ ਭਾਈਚਾਰੇ ਵਿਚ ਗੁੜ ਮਿਸਰੀ ਤੇ ਪਤਾਸੇ ਵੰਡੇ ਜਾਂਦੇ ਹਨ। ਜਨਮ ਤੋਂ ਮਗਰੋਂ ਗੁੜ੍ਹਤੀ ਦੀ ਰਸਮ ਮਹੱਤਵਪੂਰਨ ਮੰਨੀ ਜਾਂਦੀ ਤੇ ਸਮਝਿਆ ਜਾਂਦਾ ਹੈ ਕਿ ਗੁੜ੍ਹਤੀ ਦੇਣ ਵਾਲੇ ਬੰਦੇ ਦਾ ਬੱਚੇ ਦੇ ਸੁਭਾ ਉੱਪਰ ਅਸਰ ਪੈਂਦਾ ਹੈ। ਜਣੇਪੇ ਤੋਂ ਮਗਰੋਂ ਦਾਈ ਇਸਤਰੀ ਨੂੰ ਪੰਜਵਾਂ ਨਹਾਉਂਦੀ ਹੈ ਤੇ ਉਸ ਦੀਆਂ ਤਲੀਆਂ ਹੇਠ ਰਖਾਈ ਨਕਦੀ ਲਾਗ ਵਜੋਂ ਲੈਂਦੀ ਹੈ। ਛੇਵੇਂ ਦਿਨ ਉਸ ਨੂੰ ਬਾਹਰ ਵਧਾਇਆ ਜਾਂਦਾ ਹੈ। ਇਸ ਦਿਨ ਲਾਗੀ ਤੋਹਫ਼ੇ ਤੇ ਦਾਈ ਤੜਾਗੀ ਲੈ ਕੇ ਆਉਂਦੀ ਹੈ ਤੇ ਸਭ ਨੂੰ ਲਾਗ ਦਿੱਤਾ ਜਾਂਦਾ ਹੈ। ਸ਼ਾਮ ਨੂੰ ਇਸਤਰੀ ਪਹਿਲੀ ਵਾਰੀ ਹੱਥ ਵਿਚ ਗੜਵੀ ਲੈ ਕੇ ਬਾਹਰ ਜਾਂਦੀ ਹੈ ਤੇ ਬਾਹਰੋਂ ਹਰਾ ਘਾਹ ਲਿਆ ਕੇ ਸਿਰ੍ਹਾਣੇ ਥੱਲੇ ਰੱਖ ਲੈਂਦੀ ਹੈ। ਮੁੰਡਾ ਹੋਵੇ ਤਾਂ ਦਾਦਕਿਆਂ ਨੂੰ ਦੁੱਬ , ਖੰਮ੍ਹਣੀ ਤੇ ਗੁੜ ਦੀ ਭੇਲੀ ਭੇਜੀ ਜਾਂਦੀ ਹੈ ਤੇ ਦਾਦਕੇ ਅੱਗੇ ਨੂੰਹ ਲਈ ਗਹਿਣੇ - ਕੱਪੜੇ ਅਤੇ ਨਾਈ ਤੇ ਦਾਈ ਲਈ ਤਿਉਰ ਭੇਜਦੇ ਹਨ। ਭੇਲੀ ਪਹੁੰਚਣ ਤੇ ਨਾਨਕੇ ਛੂਛਕ ਭੇਜਦੇ ਹਨ। ਪੰਜਾਬ ਵਿਚ ਨਾਂ ਰੱਖਣ ਵੇਲੇ ਕੋਈ ਖ਼ਾਸ ਸੰਸਕਾਰ ਨਹੀਂ ਕੀਤਾ ਜਾਂਦਾ। ਕਈ ਵਾਰੀ ਭਾਈ ਦਾ ਦੱਸਿਆ ਨਾਂ ਹੀ ਰੱਖਿਆ ਜਾਂਦਾ ਹੈ ਤੇ ਕਈ ਵਾਰੀ ਧਰਮ - ਗ੍ਰੰਥ ਖੁੱਲ੍ਹਵਾ ਕੇ ਪਹਿਲੇ ਅੱਖਰ ਦੇ ਆਧਾਰ ' ਤੇ ਨਾਂ ਰੱਖਿਆ ਜਾਂਦਾ ਹੈ। ਫਿਰ ਹਿੰਦੂਆਂ ਵਿਚ ਮੁੰਡਨ ਸੰਸਕਾਰ ਹੁੰਦਾ ਹੈ। ਮਗਰੋਂ ਹਿੰਦੂ ਜਨੇਊ ਪੁਆਉਂਦੇ ਤੇ ਸਿੱਖ ਅੰਮ੍ਰਿਤ ਛਕਾਉਂਦੇ ਹਨ। ਇਹ ਸਾਰੇ ਚਾ - ਮਲਾਰ ਮੁੰਡਿਆਂ ਲਈ ਹੀ ਕੀਤੇ ਜਾਂਦੇ ਹਨ। ਕੁੜੀ ਜੰਮਣ ' ਤੇ ਘਰ ਵਿਚ ਉਦਾਸੀ ਛਾ ਜਾਂਦੀ ਹੈ। ਨਾ ਕੋਈ ਵਧਾਈ ਦਿੰਦਾ ਹੈ ਤੇ ਨਾ ਹੀ ਲੱਡੂ ਵੰਡਦਾ ਹੈ। ਧੀਆਂ ਦਾ ਨਾਮਕਰਨ ਸੰਸਕਾਰ ਵੀ ਕੋਈ ਨਹੀਂ ਹੁੰਦਾ। ਕੰਨ - ਵਿੰਧ ਸੰਸਕਾਰ ਵੀ ਨਾਂ - ਮਾਤਰ ਹੀ ਹੁੰਦਾ ਹੈ , ਪਰ ਹੁਣ ਧੀਆਂ ਦੇ ਕਮਾਊ ਬਣਨ ਤੇ ਇਹ ਸੰਸਕਾਰ ਬਦਲ ਰਹੇ ਹਨ।

**ਪ੍ਰਸ਼ਨ 4 , ਪਹਿਲੇ ਸਮਿਆਂ ਵਿਚ ਮੁੰਡੇ ਅਤੇ ਕੁੜੀ ਦੇ ਜੰਮਣ ' ਤੇ ਰਸਮਾਂ - ਰਿਵਾਜਾਂ ਦੇ ਪੱਖ ਤੋਂ ਕੀ ਵਿਤਕਰਾ ਸੀ ? ਹੁਣ ਇਹ ਵਿਤਕਰਾ ਕਿਵੇਂ ਘਟ ਰਿਹਾ ਹੈ ?**

ਉੱਤਰ - ਪਹਿਲੇ ਸਮੇਂ ਵਿਚ ਮੁੰਡੇ ਦੇ ਜਨਮ ਸਮੇਂ ਘਰ ਖੁਸ਼ੀਆਂ ਨਾਲ ਭਰ ਜਾਂਦਾ ਸੀ। ਲਾਗੀ ਤੇ ਭਾਈਚਾਰੇ ਦੇ ਲੋਕ ਵਧਾਈਆਂ ਦੇਣ ਆਉਂਦੇ ਸਨ। ਗੁੜ ਤੇ ਲੱਡੂ ਵੰਡੇ ਜਾਂਦੇ ਸਨ , ਪਰ ਜੇਕਰ ਕੁੜੀ ਜੰਮ ਪਵੇ , ਤਾਂ ਸਾਰਾ ਘਰ ਮਸੋਸਿਆ ਜਾਂਦਾ ਸੀ। ਨਾ ਕੋਈ ਵਧਾਈ ਦੇਣ ਆਉਂਦਾ ਸੀ ਤੇ ਨਾ ਗੁੜ ਜਾਂ ਲੱਡੂ ਵੰਡੇ ਜਾਂਦੇ ਸਨ। ਕੁੜੀ ਦਾ ਨਾਮਕਰਨ ਸੰਸਕਾਰ ਵੀ ਕੋਈ ਨਹੀਂ ਸੀ ਹੁੰਦਾ। ਪਰ ਹੁਣ ਸਮਾਂ ਬਦਲ ਗਿਆ ਹੈ। ਅੱਜ ਪਰਿਵਾਰਾਂ ਦੇ ਛੋਟੇ ਹੋਣ , ਕੁੜੀਆਂ ਦੇ ਪੜ੍ਹ - ਲਿਖ ਜਾਣ , ਨੌਕਰੀਆਂ ਉੱਤੇ ਲੱਗਣ , ਇਸਤਰੀ - ਮਰਦ ਦੀ ਬਰਾਬਰੀ ਤੇ ਲੋਕ - ਰਾਜੀ ਵਿਚਾਰ ਪੈਦਾ ਹੋਣ ਨਾਲ ਕੁੜੀਆਂ ਨਾਲ ਵਿਤਕਰਾ ਕਾਫ਼ੀ ਘੱਟ ਗਿਆ ਹੈ ਤੇ ਅੱਗੋਂ

ਘੱਟ ਰਿਹਾ ਹੈ।

**ਪ੍ਰਸ਼ਨ 5. ਪੰਜਾਬ ਵਿਚ ਵਿਆਹ ਦੇ ਰਸਮ - ਰਿਵਾਜ ਕਿਹੜੇ - ਕਿਹੜੇ ਹਨ ? ਹੁਣ ਇਨ੍ਹਾਂ ਵਿਚ ਕੀ ਭਾਬਦੀਲੀ ਆ ਰਹੀ ਹੈ ?**

**ਉੱਤਰ**- ਵਿਆਹ ਦੀਆਂ ਰਸਮਾਂ - ਮੁੰਡੇ - ਕੁੜੀ ਦੇ ਜਵਾਨ ਹੋਣ ਤੇ ਉਨ੍ਹਾਂ ਦੇ ਵਿਆਹ ਦੀਆਂ ਰਸਮਾਂ ਹੁੰਦੀਆਂ ਹਨ ਪਹਿਲਾਂ ਕੁੜੀ ਵਾਲੇ ਨਾਈ ਨੂੰ ਮੁੰਡੇ ਵਾਲੇ ਘਰ ਇਕ ਰੁਪਇਆ ਦੇ ਕੇ ਭੇਜਦੇ ਹਨ ਤੇ ਮੁੰਡੇ ਵਾਲੇ ਇਕ ਰੁਪਇਆ ਦੇ ਕੇ 'ਰੋਕਣ ' ਜਾਂ ' ਠਾਕਣ 'ਦਾ ਕੰਮ ਕਰ ਲੈਂਦੇ ਹਨ। ਫਿਰ ਕੁੜਮਾਈ ਕੀਤੀ ਜਾਂਦੀ ਹੈ। ਕੁੜੀ ਵਾਲੇ ਨਾਈ ਦੇ ਹੱਥ ਖੰਮ੍ਹਣੀ , ਰੁਪਇਆ , ਪੰਜ ਮਿਸਰੀ ਦੇ ਕੂਜੇ , ਪੰਜ ਛੁਹਾਰੇ ਤੇ ਕੇਸਰ ਆਦਿ ਮੁੰਡੇ ਦੇ ਘਰ ਭੇਜ ਦਿੰਦੇ ਹਨ , ਜਿੱਥੇ ਉਨ੍ਹਾਂ ਦੇ ਰਿਸਤੇਦਾਰ ਇਕੱਠੇ ਹੁੰਦੇ ਹਨ। ਮੁੰਡੇ ਦੇ ਪਿਤਾ , ਮਾਮੇ ਤੇ ਪੰਚਾਇਤ ਦੀ ਹਾਜ਼ਰੀ ਵਿਚ ਮੁੰਡੇ ਨੂੰ ਚੱਕੀ ' ਤੇ ਬਿਠਾ ਕੇ ਨਾਈ ਕੇਸਰ ਦਾ ਟਿੱਕਾ ਲਾਉਂਦਾ ਹੈ। ਕੁੜੀ ਦਾ ਬਾਪ ਜਾਂ ਵਿਚੋਲਾ ਇਕ ਛੁਹਾਰਾ ਤੇ ਮਿਸਰੀ ਮੁੰਡੇ ਦੇ ਮੂੰਹ ਵਿਚ ਪਾ ਦਿੰਦਾ ਹੈ। ਬਾਕੀ ਛੁਹਾਰੇ ਮੁੰਡੇ ਦੇ ਹਾਣੀਆਂ ਵਿਚ ਵੰਡੇ ਜਾਂਦੇ ਹਨ। ਭਾਈਚਾਰੇ ਦੀਆਂ ਇਸਤਰੀਆ ਸ਼ਗਨ ਪਾਉਂਦੀਆਂ ਹਨ। ਫਿਰ ਨਾਈ ਨੂੰ ਲਾਗ ਦੇ ਕੇ ਵਿਦਾ ਕਰ ਦਿੱਤਾ ਜਾਂਦਾ ਹੈ। ਦੂਜੇ ਪਾਸੇ ਮੁੰਡੇ ਵਾਲਿਆਂ ਵਲੋਂ ਮੰਗੇਤਰ ਕੁੜੀ ਲਈ ਸੂਟ, ਜੁੱਤੀ , ਗਹਿਣਾ , ਲਾਲ ਪਰਾਂਦੀ , ਮੌਲੀ , ਮਹਿੰਦੀ , ਖੰਡ , ਚੌਲ,ਛੁਹਾਰੇ ਤੇ ਰੁਪਏ ਭੇਜੇ ਜਾਂਦੇ ਹਨ। ਕੁੜੀ ਨਹਾ ਧੋ ਕੱਪੜੇ ਤੇ ਜੁੱਤੀ ਪਹਿਨ ਕੇ , ਲਾਲ ਪਰਾਂਦੀ ਪਾ ਕੇ ਚੜਦੇ ਵਲ ਮੂੰਹ ਕਰ ਕੇ ਪੀੜ੍ਹੇ ਉੱਤੇ ਬੈਠ ਜਾਂਦੀ ਹੈ। ਸਹੁਰਿਆਂ ਦੀ ਭੇਜੀ ਨਕਦੀ ਉਸ ਦੀ ਝੋਲੀ ਵਿਚ ਪਾ ਕੇ ਛੁਹਾਰਾਂ ਉਸ ਦੇ ਮੂੰਹ ਵਿਚ ਪਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਉਸ ਦੀ ਵੀ ਕੁੜਮਾਈ ਹੋ ਜਾਂਦੀ ਹੈ। ਕੁੜਮਾਈ ਤੋਂ ਪਿੱਛੋਂ ਕਿਸੇ ਸ਼ੁੱਭ ਦਿਨ ' ਤੇ ਵਿਆਹ ਲਈ ਸਾਹਾ ਕਢਵਾਇਆ ਜਾਂਦਾ ਹੈ। ਕੁੜੀ ਵਾਲੇ ਸਾਹੇ ਚਿੱਠੀ ਲਿਖਵਾ ਕੇ ਤੇ ਉਸ ਨੂੰ ਦੁੱਧ , ਚੌਲ , ਹਲਦੀ ਤੇ ਖੰਮ੍ਹਣੀ ਵਿਚ ਲਪੇਟ ਕੇ ਨਾਈ , ਪੰਡਿਤ ਜਾਂ ਵਿਚੋਲੇ ਦੇ ਹੱਥ ਮੁੰਡੇ ਵਾਲਿਆਂ ਦੇ ਘਰ ਭੇਜਦੇ ਹਨ ਤੇ ਇਹ ਚਿੱਠੀ ਪੰਚਾਇਤ ਦੀ ਹਾਜਰੀ ਵਿਚ ਖੋਲ੍ਹ ਕੇ ਪੜ੍ਹੀ ਜਾਂਦੀ ਹੈ ਫਿਰ ਨਾਈ ਜਾਂ ਲਾਗੀ ਨੂੰ ਲਾਗ ਦੇ ਕੇ ਵਿਦਾ ਕਰ ਦਿੱਤਾ ਜਾਂਦਾ ਹੈ। ਇਸ ਪਿੱਛੋਂ ਦੋਹਾਂ ਘਰਾਂ ਵਿਚ ਵਿਆਹ ਦੀਆਂ ਤਿਆਰੀਆਂ ਆਰੰਭ ਹੋ ਜਾਂਦੀਆ ਹਨ | ਸ਼ਗਨ ਭੇਜਣ ਮਗਰੋਂ ਮੁੰਡੇ ਕੁੜੀ ਦੋਹਾਂ ਦਾ ਘਰੋਂ ਨਿਕਲਣਾ ਬੰਦ ਕਰ ਦਿੱਤਾ ਜਾਂਦਾ ਹੈ। ਸੱਤ ਸੁਹਾਗਣ ਇਸਤਰੀਆਂ ਨੂੰ ਇਕੱਠੀਆਂ ਕਰ ਕੇ ਉਨ੍ਹਾਂ ਨੂੰ ਗੁੜ ਆਦਿ ਦਿੱਤਾ ਜਾਂਦਾ ਹੈ ਤੇ ਇਹ ਸੱਤੇ ਵਿਆਹ ਦੇ ਕੰਮਾਂ ਦੀ ਇਕੱਠੀਆਂ ਰਹਿੰਦੀਆਂ ਹਨ ਵਿਆਹ ਤੋਂ ਸੱਤ ਦਿਨ ਜਾਂ ਨੌ ਦਿਨ ਪਹਿਲਾਂ ਕੜਾਹੀ ਚੜ੍ਹਾਈ ਜਾਂਦੀ ਹੈ। ਵਿਆਂਹਦੜ ਦੀ ਮਾਂ ਇਸ ਵਿਚ ਤਿਆਰ ਹੋਏ ਗੁਲਗੁਲੇ ਆਪਣੇ ਪੇਕਿਆਂ ਦੇ ਲੈ ਜਾਂਦੀ ਹੈ ਤੇ ਉਹ ਨਾਨਕੀ ਛੱਕ ਦੀ ਤਿਆਰੀ ਕਰਨ ਲੱਗ ਪੈਂਦੇ ਹਨ। ਵਿਆਹ ਤੋਂ ਪਹਿਲਾਂ ਵੱਡੀ ਰਸਮ ਵੱਟਣੇ ਦੀ ਹੁੰਦੀ ਹੈ , ਜੋ ਕਿ ਹਲਦੀ ਤੇ ਤੇਲ ਆਦਿ ਮਿਲਾਂ ਕੇ ਤਿਆਰ ਕੀਤਾ ਜਾਂਦਾ ਹੈ।ਇਸਤਰੀਆ , ਕੁੜੀਆਂ ਮਿਲ ਕੇ ਮੁੰਡੇ ਤੇ ਕੁੜੀ ਨੂੰ ਲਾਉਂਦੀਆਂ ਹਨ। ਨਾਨਕਾ ਮੇਲ ਨਾਨਕੀ ਛੱਕ ਲੈ ਕੇ ਆਉਂਦਾ ਹੈ। ਜੰਞ ਚੜ੍ਹਨ ਵਾਲੇ ਦਿਨ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾ ਆਖਰੀ ਵਟਣਾ ਲਾ ਕੇ ਮੁੰਡੇ ਨੂੰ ਮਾਮੇ ਦੀ ਲਿਆਂਦੀ ਪੁਸ਼ਾਕ ਪੁਆਈ ਜਾਂਦੀ ਹੈ। ਇਸ ਪਿੱਛੋਂ ਸਿਰ ' ਤੇ ਮੁਕਟ ਜਾਂ ਮੱਥੇ ਉੱਤੇ ਸਿਹਰਾ ਬੰਨ੍ਹ ਦਿੰਦੇ ਹਨ। ਸਰਬਾਹਲੇ ਨੂੰ ਚੰਗੀ ਤਰ੍ਹਾਂ ਨੁਹਾ ਕੇ ਸਿਹਰਾ ਬੰਨ੍ਹਿਆ ਜਾਂਦਾ ਹੈ। ਇਸ ਪਿੱਛੋਂ ਘੋੜੀ ਦੀ ਰੀਤ ਹੁੰਦੀ ਹੈ। ਮੁੰਡੇ ਦੀ ਭਰਜਾਈ ਉਸ ਦੇ ਸੁਰਮਾ ਪਾਉਂਦੀ ਹੈ। ਭੈਣਾਂ ਵਾਗ ਫੜਦੀਆਂ ਤੇ ਵਾਗ ਫੜਾਈ ਲੈਂਦੀਆਂ ਹਨ। ਮੁੰਡੇ ਦੀ ਮਾਂ ਤੇ ਸ਼ਰੀਕਣੀਆਂ ਸਲਾਮੀਆਂ ਪਾਉਂਦੀਆਂ ਹਨ। ਸ਼ਗਨ ਮਨਾ ਕੇ ਲਾੜੇ ਨੂੰ ਘੋੜੀ ਤੋਂ ਉਤਾਰ ਕੇ ਮੋਟਰ ਜਾਂ ਰੱਥ ਆਦਿ ਵਿਚ ਬਿਠਾ ਦਿੱਤਾ ਜਾਂਦਾ ਹੈ। ਜਦੋਂ ਜੰਞ ਕੁੜੀ ਵਾਲਿਆਂ ਦੇ ਘਰ ਪੁੱਜਦੀ ਹੈ , ਤਾਂ ਅੱਗੋਂ ਪਿੰਡ ਦੀ ਪੰਚਾਇਤ ਸਵਾਗਤ ਲਈ ਖੜ੍ਹੀ ਹੁੰਦੀ ਹੈ। ਪਹਿਲਾਂ ਮਿਲਣੀ ਦੀ ਰਸਮ ਹੁੰਦੀ ਹੈ ਤੇ ਜੰਞ ਨੂੰ ਡੇਰੇ ਵਿਚ ਪਹੁੰਚਾਇਆ ਜਾਂਦਾ ਹੈ। ਜਾਂਜੀਆਂ ਦੀ ਗੋਤਣ ਕੁੜੀ ਉਸ ਪਿੰਡ ਵਿਚ ਵਿਆਹੀ ਹੋਵੇ , ਤਾਂ ਉਸ ਨੂੰ ਪੱਤਲਾਂ ਸਮੇਤ ਮਠਿਆਈ ਤੇ ਰੁਪਏ ਭੇਜ ਕੇ ਉਸ ਦਾ ਸਤਿਕਾਰ ਕੀਤਾ ਜਾਂਦਾ ਹੈ। ਵਿਆਹ ਵਿਚ ਫੇਰਿਆਂ ਦੀ ਰਸਮ ਬਹੁਤ ਮਹੱਤਵਪੂਰਨ ਹੈ। ਇਹ ਵੇਦੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਲੇ ਲਾਵਾਂ ਦਾ ਪਾਠ ਕਰ ਕੇ ਲਏ ਜਾਂਦੇ ਹਨ। ਇਸ ਪਿੱਛੋਂ ਮੁੰਡੇ ਵਾਲੇ ਵਰੀ ਤੇ ਕੁੜੀ ਵਾਲੇ ਖੱਟ ਦਿਖਾਉਂਦੇ ਹਨ। ਜੰਞ ਡੇਰੇ ਚਲੀ ਜਾਂਦੀ ਹੈ , ਪਰ ਮੁੰਡਾ ਤੇ ਸਰਬਾਹਲਾ ਬੈਠੇ ਰਹਿੰਦੇ ਹਨ | ਔਰਤਾਂ ਸਲਾਮੀਆਂ ਪਾਉਂਦੀਆਂ ਹਨ ਤੇ ਕੁੜੀਆਂ ਮੁੰਡੇ ਨੂੰ ਟਿੱਚਰਾਂ ਕਰਦੀਆਂ ਤੇ ਛੰਦ ਸੁਣਦੀਆਂ ਹਨ। ਅੰਤ ਮਾਮਾ ਰੋਂਦੀ - ਕੁਰਲਾਉਂਦੀ ਕੁੜੀ ਨੂੰ ਚੁੱਕ ਕੇ ਡੋਲੇ ਜਾਂ ਰੱਥ ਵਿਚ ਬਿਠਾ ਦਿੰਦਾ ਹੈ। ਲਾੜੀ ਨੂੰ ਲੈ ਕੇ ਘਰ ਪਹੁੰਚਣ ' ਤੇ ਮਾਂ ਉਸ ਤੋਂ ਸੱਤ ਵਾਰੀ ਪਾਣੀ ਵਾਰ ਕੇ ਮੂੰਹ ਨੂੰ ਲਾਉਂਦੀ ਹੈ ਤੇ ਮੁੰਡਾ ਉਸ ਨੂੰ ਰੋਕਦਾ ਹੈ। ਸੱਤਵੀਂ ਵਾਰੀ ਉਸ ਦੀਆਂ ਦਰਾਣੀਆਂ - ਜਠਾਣੀਆਂ ਉਸ ਨੂੰ ਪਾਣੀ ਬਿਲਕੁਲ ਨਹੀਂ ਪੀਣ ਦਿੰਦੀਆਂ। ਇਸ ਪਿੱਛੋਂ ਭਾਈਚਾਰੇ ਦੀਆਂ ਔਰਤਾਂ ਵਹੁਟੀ ਦਾ ਮੂੰਹ ਦੇਖਦੀਆਂ ਤੇ ਸ਼ਗਨ ਪਾਉਂਦੀਆਂ ਹਨ। ਅਗਲੇ ਦਿਨ ਲਾੜਾ - ਲਾੜੀ , ਪਿੱਤਰਾਂ , ਸਹੀਦਾਂ ਜਾਂ ਤੁਲਸੀ ਦੀ ਪੂਜਾ ਕਰਦੇ ਜਾਂ ਗੁਰਦੁਆਰੇ ਮੱਥਾ ਟੇਕਦੇ ਹਨ। ਕਈ ਥਾਈਂ ਛਟੀਆਂ ਖੇਡਣ ਤੇ ਕੰਗਣਾ ਖੋਲ੍ਹਣ ਦੀ ਰਸਮ ਹੁੰਦੀ ਹੈ। ਤੀਜੇ ਦਿਨ ਪਿੰਡ ਨੂੰ ਕੁੜੀ ਦਾ ਸਾਮਾਨ ਦਿਖਾਇਆ ਜਾਂਦਾ ਹੈ। ਛੋਟੀ ਨਨਾਣ ਪੇਟੀ ਖੁਲ੍ਹਾਈ ਵਜੋਂ ਮਨ - ਪਸੰਦ ਦਾ ਸੂਟ ਲੈਂਦੀ ਹੈ।

ਅੱਜ - ਕਲ੍ਹ ਵਿਆਹ ਦੇ ਰਸਮਾਂ - ਰਿਵਾਜਾਂ ਵਿਚ ਤਬਦੀਲੀ ਇਹ ਆ ਰਹੀ ਹੈ ਕਿ ਇਹ ਖ਼ਰਚੀਲੇ ਹੋ ਰਹੇ ਹਨ। ਪਹਿਲਾਂ ਜਿੱਥੇ ਠਾਕਾ ਜਾਂ ਕੁੜਮਾਈ ਇਕ ਰੁਪਏ ਨਾਲ ਹੁੰਦੀ ਸੀ , ਹੁਣ ਇੱਥੇ ਹਜ਼ਾਰਾਂ ਜਾਂ ਲੱਖਾਂ ਰੁਪਏ ਖਰਚ ਕੀਤੇ ਜਾਂਦੇ ਹਨ। ਅੱਜਕਲ਼ ਠਾਕੇ ਤੋਂ ਮਗਰੋਂ ਪੱਛਮੀ ਪ੍ਰਭਾਵ ਅਧੀਨ ' ਰਿੰਗ ਸੈਰੇਮਨੀ ' ਵੀ ਹੋਣ ਲੱਗੀ ਹੈ , ਜਿਸ ਕਰਕੇ ਇਸ ਰਸਮ ਦਾ ਨਾਂ ਵੀ ਪੰਜਾਬੀ ਵਿਚ ਨਹੀਂ ਮਿਲਦਾ | ਅਜੋਕੇ ਵਿਆਹਾਂ ਵਿਚ ਠਾਕੇ , ਕੁੜਮਾਈ ਤੇ ਵਿਆਹ ਵਿਚ ਬਹੁਤਾ ਵਕਫ਼ਾ ਨਹੀਂ

ਪੈਂਦਾ ਤੇ ਨਾ ਹੀ ਕੁੜਮਾਈ ਵਾਲੀ ਕੁੜੀ ਹਰ ਵੇਲੇ ਲਾਲ ਪਰਾਂਦੀ ਪਾਈ ਰੱਖਦੀ ਹੈ। ਸਾਹੇ - ਚਿੱਠੀ ਤੋਂ ਮਗਰੋਂ ਵਿਆਹ ਆਰੰਭ ਕਰਨ ਦੀਆਂ ਰਸਮਾਂ ਵੀ ਘੱਟ ਰਹੀਆਂ ਹਨ ਤੇ ਸੱਤ ਸੁਹਾਗਣਾਂ ਇਕੱਠੀਆਂ ਕਰਨ ਦੀ ਗੱਲ ਵੀ ਨਹੀਂ ਰਹੀ। ਹੁਣ ਗੁਲਗੁਲਿਆਂ ਦੀ ਥਾਂ ਵੀ ਜ਼ਰਾ ਵਧੀਆ ਮਠਿਆਈਆਂ ਲੈ ਰਹੀਆਂ ਹਨ। ਵਟਣੇ ਵੀ ਪਹਿਲਾਂ ਜਿੰਨੇ ਨਹੀ ਲਗਦੇ। ਨਾਨਕਾ ਮੇਲ ਵੀ ਪਿੰਡ ਦੀ ਜੂਹ ਵਿਚ ਵੜਦਾ ਪਹਿਲਾਂ ਵਾਂਗ ਚੋਹਲ - ਮੋਹਲ ਨਹੀਂ ਕਰਦਾ ਤੇ ਨਾ ਹੀ ਬੰਬੀਹੇ ਬੁਲਾਉਂਦਾ ਹੈ। ਫੇਰਿਆਂ ਸਮੇਂ ਵੀ ਕੁੜ ਚੁੱਕ ਕੇ ਲਿਆਉਣ ਦੀ ਥਾਂ ਉਸ ਦੀਆਂ ਸਹੇਲੀਆਂ ਤੇ ਹੋਰ ਇਸਤਰੀਆਂ ਹੀ ਲੈ ਆਉਂਦੀਆਂ ਹਨ। ਇਨ੍ਹਾਂ ਤੋਂ ਇਲਾਵਾ ਹੁਣ ਕੁੱਝ ਵਿਆਹ ਮੁੰਡੇ - ਕੁੜੀ ਦੀ ਮਰਜ਼ੀ ਨਾਲ, ਬਿਨਾਂ ਮਾਪਿਆਂ ਤੇ ਜਾਂਜੀਆਂ ਤੋਂ ਅਦਾਲਤਾਂ ਵਿਚ ਵੀ ਹੋ ਰਹੇ ਹਨ। ਵਿਆਹ ਪਿੱਛੋਂ ' ਰਿਸੈਪਸ਼ਨ ' ਨਾਂ ਦਾ ਇਕ ਨਵਾਂ ਰਿਵਾਜ ਸ਼ੁਰੂ ਹੋ ਚੁੱਕਾ ਹੈ।

**ਪ੍ਰਸ਼ਨ 6. ਵਿਆਹ ਕੇ ਲਿਆਉਣ ਮਗਰੋਂ ਮੁੰਡੇ ਦੇ ਘਰ ਕਿਹੜੀਆਂ - ਕਿਹੜੀਆਂ ਰਸਮਾਂ ਹੁੰਦੀਆਂ ਹਨ ?**

**ਉੱਤਰ** - ਪਾਣੀ ਵਾਰਨਾ - ਵਿਆਹ ਕੇ ਲਿਆਉਣ ਮਗਰੋਂ ਮੁੰਡੇ ਦੇ ਲਾੜੀ ਸਮੇਤ ਘਰ ਪਹੁੰਚਣ ' ਤੇ ਪਹਿਲੀ ਰਸਮ ਮੁੰਡੇ ਦੀ ਮਾਂ ਦੁਆਰਾ ਮੁੰਡੇ ਦੇ ਸਿਰ ਉੱਤੋਂ ਪਾਣੀ ਵਾਰਨ ਦੀ ਹੁੰਦੀ ਹੈ। ਮੁੰਡੇ ਦੀ ਮਾਂ ਦੀਵਾ ਲੈ ਕੇ ਨੂੰਹ - ਪੁੱਤ ਨੂੰ ਲੈਣ ਜਾਂਦੀ ਹੈ ਦਰਵਾਜ਼ੇ ' ਤੇ ਉਹ ਪਾਣੀ ਨਾਲ ਵਾਰਨੇ ਕਰਦੀ ਹੈ। ਸੱਤ ਵਾਰੀ ਪਾਣੀ ਮੂੰਹ ਨੂੰ ਲਾਉਂਦੀ ਹੈ ਤੇ ਪੁੱਤਰ ਉਸ ਨੂੰ ਪੀਣ ਤੋਂ ਰੋਕਦਾ ਹੈ। ਸੱਤਵੀਂ ਵਾਰੀ ਤਾਂ ਉਸ ਦੀਆਂ ਦਰਾਣੀਆਂ - ਜਿਠਾਣੀਆਂ ਉਸ ਨੂੰ ਪਾਣੀ ਬਿਲਕੁਲ ਨਹੀਂ ਪੀਣ ਦਿੰਦੀਆਂ। ਮੂੰਹ ਦੇਖਣਾ - ਇਸ ਪਿੱਛੋਂ ਭਾਈਚਾਰੇ ਦੀਆਂ ਔਰਤਾਂ ਸ਼ਗਨ ਪਾਉਂਦੀਆਂ ਤੇ ਲਾੜੀ ਦਾ ਮੂੰਹ ਦੇਖਦੀਆਂ ਹਨ। ਪੂਜਾ - ਅਗਲੇ ਦਿਨ ਲਾੜਾ ਤੇ ਲਾੜੀ ਪਿੱਤਰਾਂ, ਸ਼ਹੀਦਾਂ ਜਾਂ ਤੁਲਸੀ ਦੇ ਬੂਟੇ ਦੀ ਪੂਜਾ ਕਰਦੇ ਹਨ। ਛਟੀਆਂ ਤੇ ਕੰਙਣਾ ਖੇਲ੍ਹਣਾ - ਕਈ ਥਾਈਂ ਲਾੜਾ - ਲਾੜੀ ਛਟੀਆਂ ਤੇ ਕੰਙਣਾ ਖੇਲ੍ਹਦੇ ਹਨ। ਲਾੜਾ - ਲਾੜੀ ਇਕ ਦੂਜੇ ਦੇ ਸੱਤ - ਸੱਤ ਛਟੀਆਂ ਮਾਰਦੇ ਹਨ। ਇਸੇ ਸ਼ਾਮ ਉਹ ਕੰਙਣਾ ਖੇਲ੍ਹਦੇ ਹਨ। ਪੇਟੀ ਖੋਲ੍ਹਣਾ - ਤੀਜੇ ਦਿਨ ਲਾੜੀ ਨੂੰ ਵਾਪਸ ਭੇਜਣ ਤੋਂ ਪਹਿਲਾਂ ਪਿੰਡ ਨੂੰ ਦਿਖਾਵਾ ਦਿਖਾਇਆ ਜਾਂਦਾ ਹੈ ਤੇ ਵਹੁਟੀ ਦੀ ਛੋਟੀ ਨਨਾਣ ਪੇਟੀ ਖੋਲ੍ਹਦੀ ਹੈ। ਉਹ ਪੇਟੀ ਖੁਲ੍ਹਾਈ ਵਜੋਂ ਮਨ - ਭਾਉਂਦਾ ਸੂਟ ਵਿਚੋਂ ਕੱਢ ਲੈਂਦੀ ਹੈ।

**ਪ੍ਰਸ਼ਨ 7. ਜੀਵ ( ਮਨੁੱਖ ) ਦੀ ਮੌਤ ਹੋਣ ' ਤੇ ਕਿਹੜੀਆਂ - ਕਿਹੜੀਆਂ ਰਸਮਾਂ ਹੁੰਦੀਆਂ ਹਨ ?**

**ਉੱਤਰ** - ਮੌਤ ਦੀਆਂ ਰਸਮਾਂ - ਜਦੋਂ ਕੋਈ ਮਰ ਜਾਂਦਾ ਹੈ, ਤਾਂ ਘਰ ਦੀਆਂ ਇਸਤਰੀਆਂ ਵੈਣ ਪਾਉਣ ਲੱਗ ਪੈਂਦੀਆਂ ਹਨ ਤੇ ਮਰਦ ਫੂਹੜੀ ਵਿਛਾ ਕੇ ਬੈਠ ਜਾਂਦੇ ਹਨ ਤੇ ਮਰਨ ਵਾਲੇ ਦੀਆਂ ਚੰਗੀਆਂ ਗੱਲਾਂ ਨੂੰ ਯਾਦ ਕਰਦੇ ਹਨ। ਫਿਰ ਮ੍ਰਿਤਕ ਨੂੰ ਆਖਰੀ ਇਸ਼ਨਾਨ ਕਰਾਇਆ ਜਾਂਦਾ ਹੈ। ਜੇਕਰ ਮਰਨ ਵਾਲੀ ਸੁਹਾਗਣ ਹੋਵੇ, ਤਾਂ ਉਸ ਦੇ ਕੱਪੜਿਆਂ ਨਾਲ ਗਹਿਣੇ ਤੇ ਲਾਲ ਚੰਦੋਰੀ ਪਾਈ ਜਾਂਦੀ ਹੈ। ਉਸ ਦੇ ਹੱਥਾਂ - ਪੈਰਾਂ ਨੂੰ ਮਹਿੰਦੀ, ਅੱਖਾਂ ਵਿਚ ਸੁਰਮਾ, ਵੀਣੀਆਂ ਵਿਚ ਚੂੜੀਆਂ ਤੇ ਮੱਥੇ ਉੱਤੇ ਬਿੰਦੀ ਵੀ ਲਾਈ ਜਾਂਦੀ ਹੈ। ਫਿਰ ਬਾਂਸ ਜਾਂ ਬੇਰੀ ਦੀਆਂ ਲੱਕੜੀਆਂ ਬੰਨ੍ਹ ਕੇ ਬਣਾਈ ਅਰਥੀ ਉੱਪਰ ਲਿਟਾ ਕੇ ਰਿਸ਼ਤੇਦਾਰ ਉਸ ਨੂੰ ਮੋਢਿਆਂ ਉੱਤੇ ਚੁੱਕ ਕੇ ਲਿਜਾਂਦੇ ਹਨ ਤੇ ਘਰੋਂ ਤੁਰਨ ਸਮੇਂ ਉਸ ਤੋਂ ਪੈਸੇ ਵਾਰ ਕੇ ਉਸ ਦਾ ਭਾੜਾ ਉਤਾਰ ਦਿੱਤਾ ਜਾਂਦਾ ਹੈ। ਅੱਧ - ਮਾਰਗ ਪਿੱਛੋਂ ਤੀਵੀਆਂ ਉੱਥੇ ਬੈਠ ਜਾਂਦੀਆਂ ਹਨ। ਸ਼ਮਸ਼ਾਨ ਭੂਮੀ ਪਹੁੰਚ ਕੇ ਮ੍ਰਿਤਕ ਦੇ ਸਰੀਰ ਨੂੰ ਚਿਖਾ ਲਈ ਚਿਣੀਆ ਲੱਕੜਾਂ ਉੱਪਰ ਲਿਟਾ ਕੇ ਵੱਡਾ ਪੁੱਤਰ ਹੱਥ ਵਿਚ ਲਾਂਬੂ ਫੜ ਲੈਂਦਾ ਹੈ ਤੇ ਸੱਜਿਓਂ ਖੱਬੇ ਨੂੰ ਇਕ ਗੇੜਾ ਕੱਢ ਕੇ ਚਿਤਾ ਨੂੰ ਲਾਂਬੂ ਲਾ ਦਿੰਦਾ ਹੈ। ਅੱਗ ਲੱਗਣ ' ਤੇ ਸਾਰੇ ਲੋਕ ਦੂਰ ਖੜ੍ਹੇ ਹੋ ਜਾਂਦੇ ਹਨ। ਮੁਰਦੇ ਦੀ ਖੋਪਰੀ ਦਿਖਾਈ ਦੇਣ ਤੇ ਕਪਾਲ ਕਿਰਿਆ ਕੀਤੀ ਜਾਂਦੀ ਹੈ। ਵਾਪਸੀ ਵੇਲੇ ਮੁਰਦੇ ਨਾਲੋ ਸੰਬੰਧ ਤੋੜਨ ਲਈ ਕਈ ਲੋਕ ਡੱਕਾ ਜਾਂ ਕੰਡਾ ਤੋੜਦੇ ਹਨ। ਕਈ ਨਿੰਮ ਦੀ ਪੱਤੀ ਚਬਾਉਂਦੇ ਹਨ। ਫਿਰ ਸਾਰੇ ਇਸ਼ਨਾਨ ਕਰ ਕੇ ਜਾਂ ਮੂੰਹ - ਹੱਥ ਧੋ ਕੇ ਘਰ ਮੁੜਦੇ ਹਨ। ਮੌਤ ਤੋਂ ਤੀਜੇ ਦਿਨ ਮੁਰਦੇ ਦੇ ਫੁੱਲ ਚੁਗੇ ਜਾਂਦੇ ਹਨ ਤੇ ਉਹ ਹਰਦੁਆਰ ਜਾਂ ਕੀਰਤਪੁਰ ਸਾਹਿਬ ਪਾਏ ਜਾਂਦੇ ਹਨ। ਪਿੱਛੋਂ ਕੁੱਝ ਦਿਨ ਮੁਕਾਣਾ ਆਉਂਦੀਆਂ ਹਨ ਤੇ ਅੰਤਮ ਕਿਰਿਆ ' ਤੇ ਵੱਡੇ ਪੁੱਤਰ ਦੀ ਸਹੁਰਿਆਂ ਵਲੋਂ ਲਿਆਂਦੀ ਪੱਗ ਨਾਲ ਦਸਤਾਰਬੰਦੀ ਕਰ ਕੇ ਉਸ ਨੂੰ ਪਿਤਾ ਦਾ ਵਾਰਸ ਬਣਾ ਦਿੱਤਾ ਜਾਂਦਾ ਹੈ

**ਪ੍ਰਸ਼ਨ 8. " ਪੰਜਾਬ ਦੇ ਰਸਮ - ਰਿਵਾਜਾਂ ਦੇ ਪੱਖੋਂ ਵੱਖ - ਵੱਖ ਧਾਰਮਿਕ ਭਾਈਚਾਰਿਆਂ ਵਿਚ ਕੀ - ਕੀ ਭਿੰਨਤਾ ਹੈ ?**

**ਉੱਤਰ** - ਪੰਜਾਬ ਵਿਚ ਹਿੰਦੂ ਬੱਚੇ ਦੇ ਮੁੰਡਨ ਕਰਦੇ ਤੇ ਜਨੇਊ ਪਹਿਨਾਉਂਦੇ ਹਨ। ਸਿੱਖ ਅੰਮ੍ਰਿਤ ਛਕਾਉਂਦੇ ਹਨ। ਮੁਸਲਮਾਨ ਸੁੰਨਤ ਕਰਦੇ ਹਨ। ਹਿੰਦੂ ਲਗਨ- ਫੇਰਿਆਂ ਨਾਲ ਵਿਆਹ ਕਰਦੇ ਹਨ, ਸਿੱਖ ਆਨੰਦ ਕਾਰਜ ਨਾਲ ਪਰ ਮੁਸਲਮਾਨ ਨਿਕਾਹ ਦੀ ਰਸਮ ਅਦਾ ਕਰਦੇ ਹਨ। ਹਿੰਦੂ ਤੇ ਸਿੱਖ ਮੁਰਦਿਆਂ ਨੂੰ ਸਾੜਦੇ ਪਰ ਮੁਸਲਮਾਨ ਦਬਾਉਂਦੇ ਹਨ।

## 4.ਪੰਜਾਬ ਦੀਆਂ ਲੋਕ - ਖੇਡਾਂ - ਸ੍ਰੀ ਸੁਖਦੇਵ ਮਾਦਪੁਰੀ

**ਪ੍ਰਸ਼ਨ - 1. ' ਪੰਜਾਬ ਦੀਆਂ ਲੋਕ - ਖੇਡਾਂ ' ਲੇਖ ਦੇ ਆਧਾਰ ' ਤੇ ਸਿੱਧ ਕਰੋ ਕਿ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ ।**

**ਉੱਤਰ -** ਮਨੁੱਖ ਆਦਿ - ਕਾਲ ਤੋਂ ਹੀ ਖੇਡਣ ਵਿਚ ਦਿਲਚਸਪੀ ਲੈਂਦਾ ਰਿਹਾ ਹੈ । ਕੁਦਰਤ ਨੇ ਹਰ ਵਿਅਕਤੀ ਵਿਚ ਖੇਡਣ ਦੀ ਰੁਚੀ ਪੈਦਾ ਕੀਤੀ ਹੈ । ਇਹ ਰੁਚੀ ਬੱਚੇ ਦੇ ਜਨਮ ਨਾਲ ਹੀ ਪ੍ਰਫੁਲਤ ਹੋਣ ਲਗਦੀ ਹੈ । ਬੱਚਾ ਅਜੇ ਕੁੱਝ ਦਿਨਾਂ ਦਾ ਹੀ ਹੁੰਦਾ ਹੈ ਕਿ ਉਹ ਲੱਤਾਂ - ਬਾਹਾਂ ਮਾਰ ਕੇ ਖੇਡਣ ਲੱਗ ਪੈਂਦਾ ਹੈ ਤੇ ਖੇਡਣ ਦੀ ਉਸਦੀ ਇਹ ਰੁਚੀ ਹੀ ਉਸਦੇ ਸਰੀਰਕ , ਮਾਨਸਿਕ ਤੇ ਬੌਧਿਕ ਵਿਕਾਸ ਦੀ ਸੂਚਕ ਹੁੰਦੀ ਹੈ । ਇਸ ਪ੍ਰਕਾਰ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ ਤੇ ਇਹ ਉਸਦਾ ਇਕ ਸਹਿਜ ਕਰਮ ਹੈ । ਜਨਮ ਪਿੱਛੋਂ ਆਪਣੇ ਜੁੱਸੇ , ਵਿੱਤ ਤੇ ਸੁਭਾ ਅਨੁਸਾਰ ਨਵੀਆਂ - ਨਵੀਆਂ ਖੇਡਾਂ ਸਿਰਜਣਾ ਤੇ ਉਨ੍ਹਾਂ ਨਾਲ ਆਪਣਾ ਮਨੋਰੰਜਨ ਕਰਦਾ ਹੋਇਆ ਬੱਚਾ ਆਪਣੇ ਸਰੀਰਕ ਤੇ ਮਾਨਸਿਕ ਬਲ ਦਾ ਵਿਕਾਸ ਕਰਦਾ ਹੈ ।

**ਪ੍ਰਸ਼ਨ - 2. ਲੋਕ - ਖੇਡਾਂ ਮਨੁੱਖ ਨੂੰ ਕਿਹੜੀਆਂ - ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ?**

**ਉੱਤਰ -** ਲੋਕ - ਖੇਡਾਂ ਮਨੁੱਖ ਨੂੰ ਮਨੋਰੰਜਨ , ਉਤਸ਼ਾਹ , ਮਿਲਵਰਤਨ , ਮਨੁੱਖੀ ਸਾਂਝ ਤੇ ਪਿਆਰ ਆਦਿ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ।

**ਪ੍ਰਸ਼ਨ - 3 ਲੋਕ - ਖੇਡਾਂ ਪਾਠ ਦੇ ਆਧਾਰ ' ਤੇ ਦੱਸੋ ਕਿ ਲੋਕ - ਖੇਡਾਂ ਦੀ ਜੀਵਨ ਦੇ ਵਿਕਾਸ ਵਿਚ ਅਹਿਮ ਭੂਮਿਕਾ ਹੈ । ਦੱਸੋ ਕਿਵੇਂ ?**

**ਉੱਤਰ -** ਲੋਕ - ਖੇਡਾਂ ਜਿੱਥੇ ਮਨੁੱਖ ਦਾ ਮਨੋਰੰਜਨ ਕਰਦੀਆਂ ਹਨ , ਉੱਥੇ ਉਸਦੇ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ । ਇਹ ਮਨੁੱਖ ਦੇ ਸਰੀਰ ਵਿਚ ਬਲ ਦਾ ਵਾਧਾ ਕਰਦੀਆਂ ਹਨ ਤੇ ਰੂਹ ਨੂੰ ਅਕਹਿ ਖੁਸ਼ੀ ਦਿੰਦੀਆਂ ਹਨ , ਜੋ ਮਨੁੱਖ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਬਹੁਤ ਜਰੂਰੀ ਹੈ ।

**ਪ੍ਰਸ਼ਨ 4. ਲੋਕ - ਖੇਡਾਂ ਨਾਲ ਬੱਚੇ ਦੇ ਅੰਦਰ ਕਿਹੜੇ ਨੈਤਿਕ ਗੁਣ ਪ੍ਰਵੇਸ਼ ਕਰਦੇ ਹਨ ? ਇਹ ਵੀ ਦੱਸੋ ਕਿ ਉਹ ਕਿਹੜੀਆਂ ਕਿਹੜੀਆਂ ਖੇਡਾਂ ਹਨ ?**

**ਉੱਤਰ -** ਲੋਕ - ਖੇਡਾਂ ਨਾਲ ਬੱਚਿਆਂ ਵਿਚ ਮਿਲਵਰਤਨ , ਵਿਤਕਰੇ - ਰਹਿਤ ਜੀਵਣ ਜਿਉਣ , ਚੰਗੀ ਖੇਡ ਖੇਡਣ , ਧੋਖਾ ਨਾ ਕਰਨ , ਨਸ਼ਿਆਂ ਤੋਂ ਦੂਰ ਰਹਿਣ , ਭਾਈਚਾਰਕ ਸਾਂਝ ਤੇ ਪ੍ਰੇਮ ਪਿਆਰ ਦੇ ਨੈਤਿਕ ਗੁਣ ਪ੍ਰਵੇਸ਼ ਕਰਦੇ ਹਨ । ਕਬੱਡੀ , ਰੱਸਾਕਸ਼ੀ , ਕੁਸ਼ਤੀ , ਬੋਰੀ ਚੁੱਕਣਾ ਆਦਿ ਅਜਿਹੀਆਂ ਖੇਡਾਂ ਹਨ , ਜੋ ਮਨੁੱਖ ਵਿਚ ਅਜਿਹੇ ਗੁਣ ਵਿਕਸਿਤ ਕਰਦੀਆਂ ਹਨ ।

**ਪ੍ਰਸ਼ਨ - 5. ਪੁਰਾਤਨ ਸਮੇਂ ਵਿਚ ਪਿੰਡ ਵਾਸੀ ਆਪਣੇ ਪਿੰਡ ਦੇ ਲੋਕ - ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਕਿਵੇਂ ਨਿਵਾਜ਼ਦੇ ਸਨ ?**

**ਉੱਤਰ -** ਪੁਰਾਤਨ ਸਮੇਂ ਵਿਚ ਪਿੰਡ ਵਾਸੀ ਆਪਣੇ ਪਿੰਡ ਦੇ ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਬੜੇ ਮਾਣ ਨਾਲ ਨਿਵਾਜ਼ਦੇ ਸਨ । ਉਹ ਰਲ ਕੇ ਉਨ੍ਹਾਂ ਦੀਆਂ ਖ਼ੁਰਾਕਾਂ ਦਾ ਪ੍ਰਬੰਧ ਕਰਦੇ ਸਨ ਅਤੇ ਖਿਡਾਰੀਆਂ ਤੇ ਪਹਿਲਵਾਨਾਂ ਨੂੰ ਦੇਸੀ ਘਿਓ ਦੇ ਪੀਪੇ ਖਾਣ ਲਈ ਦਿੰਦੇ ਸਨ । ਉਹ ਉਨ੍ਹਾਂ ਦੀਆਂ ਜਿੱਤਾਂ ਨੂੰ ਸਾਰੇ ਪਿੰਡ ਲਈ ਮਾਣ ਦੀ ਗੱਲ ਸਮਝਦੇ ਸਨ ।

**ਪ੍ਰਸ਼ਨ 6. ਇਸ ਪਾਠ ਵਿਚ ਦਿੱਤੀਆਂ ਗਈਆਂ ਮੁੰਡੇ - ਕੁੜੀਆਂ ਦੀਆਂ ਮਨਮੋਹਕ ਖੇਡਾਂ ਉੱਤੇ ਖੋਲ੍ਹ ਕੇ ਰੌਸ਼ਨੀ ਪਾਓ ।**

**ਉੱਤਰ -** ਉਂਝ ਤਾਂ ਪੰਜਾਬ ਦੀਆਂ ਸਾਰੀਆਂ ਲੋਕ - ਖੇਡਾਂ ਮਨਮੋਹਕ ਹਨ , ਪਰੰਤੂ ਇਨ੍ਹਾਂ ਵਿਚੋਂ ਮੁੰਡਿਆਂ ਕੁੜੀਆਂ ਦੀਆਂ ਵਧੇਰੇ ਮਨਮੋਹਕ ਖੇਡਾਂ ਇਹ ਹਨ - ਬੁੱਢੀ ਮਾਈ , ਭੰਡਾ - ਭੰਡਾਰੀਆਂ , ਊਠਕ - ਬੈਠਕ , ਊਚ - ਨੀਚ , ਕੋਟਲਾ ਛਪਾਕੀ , ਕਾਈਆਂ - ਦੂਹਕੜੇ , ਬਾਂਦਰ - ਕੀਲਾ , ਕਿਣ - ਮਿਣ ਕਾਣੀ ਕੌਣ ਕਿਣਿਆਂ , ਸਮੁੰਦਰ ਤੇ ਮੱਛੀ , ਲੱਕੜੀ ਕਾਠ , ਖਾਨ - ਘੋੜੀ , ਅੰਨ੍ਹਾ ਝੋਟਾ , ਪੂਛ - ਪੂਛ , ਗੁੱਲੀ - ਡੰਡਾ , ਪਿੰਠੂ, ਪੀਚੋ - ਬੱਕਰੀ , ਅੱਡੀ - ਛੜੱਪਾ , ਕੂਕਾਂ - ਕਾਂਗੜੇ , ਰੋੜੇ , ਅਖਰੋਟ ਤੇ ਸ਼ੱਕਰ ਭਿੱਜੀ । ਇਹ ਬੱਚਿਆਂ ਦਾ ਜਿੱਥੇ ਭਰਪੂਰ ਮਨੋਰੰਜਨ ਕਰਦੀਆਂ ਹਨ , ਉੱਥੇ ਉਨ੍ਹਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਵੀ ਖੂਬ ਹਿੱਸਾ ਪਾਉਂਦੀਆਂ ਹਨ ।

**ਪ੍ਰਸ਼ਨ -7. ਪੰਜਾਬ ਦੀਆਂ ਲੋਕ - ਖੇਡਾਂ ਪਾਠ ਦੇ ਆਧਾਰ ' ਤੇ ਦੱਸੋ ਕਿ ਉਹ ਕਿਹੜੀ ਖੇਡ ਹੈ , ਜੋ ਕ੍ਰਿਕਟ ਦੀ ਖੇਡ ਵਿਚ ਜਾ ਸਮੋਈ ਹੈ ?**

**ਉੱਤਰ -** ਲੂਣ ਤੇ ਲੱਲ੍ਹੇ ਅਜਿਹੀ ਖੇਡ ਹੈ , ਜੋ ਕ੍ਰਿਕਟ ਦੀ ਖੇਡ ਵਿਚ ਜਾ ਸਮੋਈ ਹੈ ।

**ਪ੍ਰਸ਼ਨ 8. ਅੱਡੀ - ਛੜੱਪਾ ਜਾਂ ਅੱਡੀ - ਟੱਪਾ ਖੇਡ ਬਾਰੇ ਤੁਸੀਂ ਕੀ ਜਾਣਦੇ ਹੋ ? ਖੋਲ੍ਹ ਦੇ ਦੱਸੋ ।**

**ਉੱਤਰ -** ਅੱਡੀ - ਛੜੱਪਾ ਜਾਂ ਅੱਡੀ - ਟੱਪਾ ਕੁੜੀਆਂ ਦੀ ਖੇਡ ਹੈ , ਜਿਸ ਵਿਚ ਉਹ ਦੋ ਟੋਲੀਆਂ ਬਣਾ ਕੇ ਖੇਡਦੀਆਂ ਹਨ । ਹਰ ਟੋਲੀ ਵਿਚ ਚਾਰ - ਪੰਜ ਕੁੜੀਆਂ ਹੁੰਦੀਆਂ ਹਨ । ਇਸ ਰਾਹੀਂ ਕੁੜੀਆਂ ਨੂੰ ਦੋੜਨ , ਉੱਚੀ ਛਾਲ ਮਾਰਨ ਤੇ ਸਰੀਰਕ ਤਾਕਤ ਨੂੰ ਜ਼ਬਤ ਵਿਚ ਰੱਖਣ ਦਾ ਅਭਿਆਸ ਪ੍ਰਾਪਤ ਹੁੰਦਾ ਹੈ

**ਪ੍ਰਸ਼ਨ 9. ਸੱਕਰ - ਭਿੱਜੀ ਲੋਕ - ਖੇਡ ਬਾਰੇ ਜਾਣਕਾਰੀ ਦਿਓ ।**

**ਉੱਤਰ -** ਸ਼ੱਕਰ - ਭਿੱਜੀ ਮੁੰਡਿਆਂ - ਕੁੜੀਆਂ ਦੀ ਹਰਮਨ - ਪਿਆਰੀ ਖੇਡ ਹੈ। ਇਹ ਚਾਰ - ਚਾਰ , ਪੰਜ - ਪੰਜ ਖਿਡਾਰੀਆਂ ਦੀਆਂ ਦੋ ਟੋਲੀਆਂ ਬਣਾ ਕੇ ਖੇਡੀ ਜਾਂਦੀ ਹੈ। ਜਿਸ ਟੋਲੀ ਸਿਰ ਦਾਈ ਹੋਵੇ , ਉਸਦੇ ਸਾਰੇ ਖਿਡਾਰੀ ਇਕ - ਦੂਜੇ ਦਾ ਲੱਕ ਫੜ ਕੇ ਝੁਕ ਕੇ ਖੜ੍ਹੇ ਹੋ ਜਾਂਦੇ ਹਨ। ਉਨ੍ਹਾਂ ਵਿੱਚੋਂ ਸਭ ਤੋਂ ਮੋਹਰਲਾ ਖਿਡਾਰੀ ਕਿਸੇ ਰੁੱਖ ਜਾਂ ਕੰਧ ਨੂੰ ਹੱਥ ਪਾ ਕੇ ਸਹਾਰਾ ਲੈ ਲੈਂਦਾ ਹੈ , ਨਹੀਂ ਤਾਂ ਗੋਡਿਆਂ ਉੱਤੇ ਹੱਥ ਰੱਖ ਲੈਂਦਾ ਹੈ। ਦੂਜੀ ਟੋਲੀ ਦਾ ਹਰ ਇਕ ਖਿਡਾਰੀ ਵਾਰੀ - ਵਾਰੀ ਦੋੜਦਾ ਹੋਇਆ ਆਉਂਦਾ ਹੈ ਤੇ ਟਪੂਸੀ ਮਾਰ ਕੇ ਲੰਮੀ ਘੋੜੀ ਬਣੀ ਟੋਲੀ ਉੱਤੇ ਚੜ੍ਹ ਜਾਂਦਾ ਹੈ। ਜਦੋਂ ਸਾਰੇ ਖਿਡਾਰੀ ਉਸ ਉੱਪਰ ਚੜ੍ਹ ਜਾਂਦੇ ਹਨ , ਤਾਂ ਉਹ ਵੀ ਇਕ - ਦੂਜੇ ਦਾ ਲੱਕ ਫੜ ਕੇ ਲੱਤਾਂ ਹੇਠਲਿਆਂ ਦੇ ਢਿੱਡਾਂ ਦੁਆਲੇ ਵਲਾ ਲੈਂਦੇ ਹਨ। ਹੇਠਲੇ ਹਿਲ - ਜੁਲ ਕੇ ਝੁਕ ਝੁਕ ਕੇ ਉੱਪਰਲਿਆਂ ਦੇ ਪੈਰ ਧਰਤੀ ਉੱਪਰ ਲਾਉਣ ਦਾ ਯਤਨ ਕਰਦੇ ਹਨ ਤੇ ਜਦੋਂ ਕਿਸੇ ਇਕ ਦਾ ਪੈਰ ਹੇਠਾਂ ਛੋਹ ਜਾਵੇ , ਤਾਂ ਸਾਰੀ ਟੋਲੀ ਦੀ ਵਾਰੀ ਕੱਟੀ ਜਾਂਦੀ ਹੈ। ਪਰ ਜੇਕਰ ਕਿਸੇ ਦਾ ਵੀ ਪੈਰ ਹੇਠਾਂ ਨਾ ਲੱਗੇ ਤੇ ਹੇਠਲੀ ਟੋਲੀ ਥੱਕ ਜਾਵੇ , ਤਾਂ ਉੱਪਰਲੀ ਟੋਲੀ ਦੇ ਖਿਡਾਰੀ ਪੁੱਛਦੇ ਹਨ , ' ' ਸ਼ੱਕਰ ਭਿੱਜੀ ਕਿ ਨਾ ? ' ' ਜੇਕਰ ਹੇਠਲੀ ਟੋਲੀ ' ਹਾਂ ' ਕਹਿ ਦੇਵੇ , ਤਾਂ ਉਨ੍ਹਾਂ ਦੀ ਵਾਰੀ ਖ਼ਤਮ ਹੋ ਜਾਂਦੀ ਹੈ ਤੇ ਉੱਪਰਲੇ ਖਿਡਾਰੀ ਹੇਠਾਂ ਉੱਤਰ ਕੇ ਇਕ - ਦੂਜੇ ਦਾ ਲੱਕ ਫੜ ਕੇ ਘੋੜੀ ਬਣ ਕੇ ਖੜ੍ਹੇ ਹੋ ਜਾਂਦੇ ਹਨ ਤੇ ਹੇਠਲੇ ਪਹਿਲੀ ਰੀਤੀ ਅਨੁਸਾਰ ਹੀ ਉਨ੍ਹਾਂ ਦੀ ਸਵਾਰੀ ਕਰਦੇ ਹਨ। ਇਸ ਤਰ੍ਹਾਂ ਇਹ ਖੇਡ ਜਾਰੀ ਰਹਿੰਦੀ ਹੈ।

**ਪ੍ਰਸ਼ਨ 10. ਪੰਜਾਬ ਦੀਆਂ ਲੋਕ - ਖੇਡਾਂ ਦੀ ਸੰਭਾਲ ਅਤੇ ਇਨ੍ਹਾਂ ਨੂੰ ਮੁੜ ਸੁਰਜੀਤ ਕਰਨਾ ਜਰੂਰੀ ਹੈ । ਕਿਉਂ ?**

**ਉੱਤਰ -** ਪੰਜਾਬ ਦੀਆਂ ਲੋਕ - ਖੇਡਾਂ ਦੀ ਸੰਭਾਲ ਅਤੇ ਇਨ੍ਹਾਂ ਨੂੰ ਮੁੜ ਸੁਰਜੀਤ ਕਰਨਾ ਇਸ ਕਰਕੇ ਜ਼ਰੂਰੀ ਹੈ , ਕਿਉਂਕਿ ਇਹ ਸਾਡਾ ਗੋਰਵਮਈ ਵਿਰਸਾ ਹਨ ਤੇ ਇਹ ਸਾਨੂੰ ਆਪਣੇ ਬਲਵਾਨ ਵਿਰਸੇ ਨਾਲ ਜੋੜਦੀਆਂ ਹਨ , ਜਿਸ ਤੋਂ ਖੇਡਾਂ ਨਾਲ ਮਿਲਵਰਤਨ , ਭਾਈਚਾਰਕ ਸਾਂਝ , ਵਲ - ਛਲ ਰਹਿਤ ਤੇ ਨਸ਼-ਮੁਕਤ ਜੀਵਨ ਜਿਊਣ ਦੀ ਪ੍ਰੇਰਨਾ ਮਿਲਦੀ ਹੈ।

## 5 - ਪੰਜਾਬ ਦੇ ਲੋਕ - ਕਿੱਤੇ ਅਤੇ ਲੋਕ - ਕਲਾਵਾਂ - ਸ੍ਰੀ ਕਿਰਪਾਲ ਕਜ਼ਾਕ

**ਪ੍ਰਸ਼ਨ -1. ਪੰਜਾਬ ਦੇ ਲੋਕ - ਕਿੱਤੇ ਅਤੇ ਲੋਕ - ਕਲਾਵਾਂ ਪਾਠ ਦੇ ਆਧਾਰ ਤੇ ਦੱਸੋ ਕਿ ਲੋਕ - ਕਿੱਤਿਆਂ ਦੇ ਵੱਖ - ਵੱਖ ਨਾਂ ਕਿਵੇਂ ਪ੍ਰਚਲਿਤ ਹੋਏ ?**

**ਉੱਤਰ** - ਜਦੋਂ ਮਨੁੱਖ ਜੰਗਲਾਂ ਤੇ ਝੋਪੜੀਆਂ ਵਿਚੋਂ ਨਿਕਲ ਕੇ ਪੱਕੇ ਘਰਾਂ , ਪਿੰਡਾਂ ਤੇ ਨਗਰਾਂ ਦਾ ਨਿਰਮਾਣ ਕਰਨ ਲੱਗਾ ਤੇ ਉਸਦੀਆਂ ਲੋੜਾਂ ਅਨੁਸਾਰ ਕੰਮਾਂ ਵਿਚ ਵਾਧਾ ਹੋਇਆ ਤਾਂ ਉਸਨੂੰ ਕੰਮ ਵਿਚ ਵੰਡ ਕਰਨ ਦੀ ਜ਼ਰੂਰਤ ਪਈ। ਇਸ ਨਾਲ ਵੱਖ - ਵੱਖ ਕੰਮਾਂ ਨੂੰ ਸੁਚੱਜੇ ਢੰਗ ਨਾਲ ਕਰਨ ਵਾਲੀਆਂ ਕਾਮਾਂ ਸ਼੍ਰੇਣੀਆ ਹੋਂਦ ਵਿਚ ਆ ਗਈਆਂ। ਜਦੋਂ ਕੋਈ ਕਾਮਾ ਸ਼੍ਰੇਣੀ ਕਿਸੇ ਇਕ ਕੰਮ ਨੂੰ ਲੰਮਾ ਸਮਾਂ ਲਗਾਤਾਰ ਕਰਦੀ ਰਹੀ , ਤਾਂ ਉਸ ਸ਼੍ਰੇਣੀ ਨੂੰ ਉਸਦੇ ਕਿੱਤੇ ਨਾਲ ਜਾਣਿਆ ਜਾਣ ਲੱਗਾ। ਇਸ ਪਕਾਰ ਪੰਜਾਬ ਵਿਚ ਲੋਕ - ਕਿੱਤਿਆਂ ਦੇ ਵੱਖ - ਵੱਖ ਨਾਂ ਪ੍ਰਚਲਿਤ ਹੋਏ। ਉਦਾਹਰਨ ਵਜੋਂ ਲੱਕੜੀ ਦਾ ਕੰਮ( ਕਿੱਤਾ) ਕਰਨ ਵਾਲੇ ,' ਤਰਖਾਣ' ਲੋਹੇ ਦਾ ਕੰਮ ਕਿੱਤਾ ਕਰਨ ਵਾਲੇ ਨੂੰ 'ਲੁਹਾਰ' ਤੇ ਸੋਨੇ ਦਾ ਕੰਮ( ਕਿੱਤਾ ) ਕਰਨ ਵਾਲੇ ਨੂੰ ' ਸੁਨਿਆਰਾਂ ' ਕਿਹਾ ਜਾਣ ਲੱਗਾ। ਇਸ ਤਰ੍ਹਾਂ ਕਈ ਕਿੱਤਿਆਂ ਦੇ ਵੱਖ - ਵੱਖ ਨਾਂ ਪ੍ਰਚਲਿਤ ਹੋ ਗਏ।

**ਪ੍ਰਸ਼ਨ -2. ਪੰਜਾਬ ਦੇ ਲੋਕ - ਕਿੱਤੇ ਅਤੇ ਲੋਕ - ਕਲਾਵਾਂ ਪਾਠ ਦੇ ਆਧਾਰ ' ਤੇ ਦੱਸੋ ਕਿ ਲੋਕ - ਕਿੱਤਾ ਅਤੇ ਲੋਕ - ਧੰਦਾ ਦੇ ਅਰਥਾਂ ਵਿਚ ਮਮੂਲੀ ਫ਼ਰਕ ਹੈ। ਸਪੱਸ਼ਟ ਕਰ ਕੇ ਲਿਖੋ।**

**ਉੱਤਰ** - ਲੇਖਕ ਅਨੁਸਾਰ ਲੋਕ ਕਿੱਤਾ ਅਤੇ ਲੋਕ - ਧੰਦਾ ਸ਼ਬਦਾਂ ਦੇ ਅਰਥਾਂ ਵਿਚ ਮਮੂਲੀ ਫ਼ਰਕ ਹੈ।' ਧੰਦਾ' ਅਜਿਹੇ ਕਿੱਤੇ ਨੂੰ ਕਿਹਾ ਜਾਂਦਾ ਹੈ , ਜਿਸ ਤੋਂ ਧਨ ਪ੍ਰਾਪਤ ਹੋਵੇ। ਧੰਦੇ ਵਿਚ ਕਿਸੇ ਕਿਰਤ ਦਾ ਨਿਰਮਾਣ ਜ਼ਰੂਰੀ ਨਹੀਂ ; ਜਿਵੇਂ ਵਿਉਪਾਰ ,ਸਾਹੂਕਾਰੀ ਤੇ ਦਲਾਲੀ। ਧੰਦੇ ਨੂੰ ਕਿੱਤੇ ਦੇ ਮੁਕਾਬਲੇ ਕੁੱਝ ਘੱਟ ਸਤਿਕਾਰ ਨਾਲ ਦੇਖਿਆ ਜਾਂਦਾ ਰਿਹਾ ਹੈ। ਇਸਦੀ ਪੁਸ਼ਟੀ 'ਧੰਦ ਪਿੱਟਣ' ਦੇ ਮੁਹਾਵਰੇ ਤੋਂ ਵੀ ਹੁੰਦੀ ਹੈ , ਜਿਸਦਾ ਅਰਥ ਅਣ - ਚਾਹੇ ਕੰਮ ਤੋਂ ਹੈ। ਕਿਸੇ ਪੇਚੀਦਾ ਗੁੰਝਲਦਾਰ ਤੇ ਔਖੇ ਕੰਮ ਨੂੰ ਵੀ 'ਗੋਰਖ ਧੰਦਾ' ਕਿਹਾ ਜਾਂਦਾ ਹੈ।

**ਪ੍ਰਸ਼ਨ-3. ਲੋਕ ਕਿੱਤੇ ਦੀ ਵਿਸ਼ੇਸ਼ਤਾ ਕੀ ਹੈ ? ਲੁਹਾਰਾਂ ਤੇ ਤਰਖਾਣਾਂ ਵਲੋਂ ਬਣਾਏ ਜਾਂਦੇ ਸੰਦਾਂ ਦੇ ਨਾਂ ਲਿਖੋ।**

**ਉੱਤਰ** - ਲੋਕ - ਕਿੱਤੇ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸੱਭਿਆਚਾਰ ਅਤੇ ਰਹਿਤਲ ਦੀਆਂ ਜ਼ਰੂਰੀ ਲੋੜਾਂ ਲਈ ਇੰਨਾਂ ਜ਼ਰੂਰੀ ਹੁੰਦਾ ਹੈ ਕਿ ਸਮਾਜ ਤੇ ਸਭਿਆਚਾਰ ਦੇ ਨਿਤਾਪ੍ਰਤੀ ਦੇ ਜੀਵਨ ਵਿਚ ਸਧਾਰਨ ਤੋਂ ਸਾਧਾਰਨ ਅਤੇ ਵਿਸ਼ੇਸ਼ ਤੋਂ ਵਿਸ਼ੇਸ਼ ਵਿਅਕਤੀ ਲਈ ਲੋੜੀਂਦਾ ਤੇ ਲਾਹੇਵੰਦ ਹੁੰਦਾ ਹੈ। ਮਿਸਾਲ ਵਜੋਂ ਘਰੇਲੂ ਅਤੇ ਖੇਤੀ ਦੀਆਂ ਲੋੜਾਂ ਲਈ ਤਰਖ਼ਾਣ ਅਤੇ ਲੁਹਾਰ ਦੇ ਕਿੱਤੇ ਨੂੰ ਲਿਆ ਜਾ ਸਕਦਾ ਹੈ। ਤਰਖ਼ਾਣ ਅਤੇ ਲੁਹਾਰ ਖੇਤੀ ਦੇ ਕਿੱਤੇ ਲਈ ਹਲ , ਪੰਜਾਲੀ , ਗੱਡਾ , ਸੁਹਾਗਾ , ਤੰਗਲੀ , ਸਲੰਘ, ਦਾਤੀ , ਕਹੀ,ਰੰਬਾ,ਕੁਹਾੜੀ, ਜੂਲਾ , ਘੁਲਾੜੀ ਤੇ ਹਰਟ ਆਦਿ ਬਣਾਉਂਦੇ ਹਨ ਅਤੇ ਘਰੇਲੂ ਵਰਤੋਂ ਲਈ ਉਹ ਮੰਜਾ ਪੀੜੀ ਮਧਾਣੀ ਘੜਵੰਜੀ, ਚਰਖ਼ਾ , ਅਟੇਰਨ , ਚੌਂਕੀ , ਸੰਦੂਕ, ਘੋਟਣਾ , ਗਡ੍ਹੀਰਾ , ਪੰਘੂੜਾ ਤੇ ਚਕਲਾ - ਵੇਲਣਾ ਆਦਿ ਚੀਜ਼ਾਂ ਬਣਾਉਂਦੇ ਹਨ

**ਪ੍ਰਸ਼ਨ-4. ਸੁਨਿਆਰ ਅਨੇਕ ਪ੍ਰਕਾਰ ਦੀ ਵੰਨਗੀ ਦੇ ਗਹਿਣੇ ਬਣਾਉਂਦਾ ਹੈ। ਪਾਠ ਦੇ ਆਧਾਰ ਤੇ ਦੱਸੋ ਕਿ ਉਹ ਮਰਦਾਵੇਂ ਤੇ ਇਸਤਰੀਆਂ ਦੇ ਕਿਹੜੇ - ਕਿਹੜੇ ਗਹਿਣੇ ਬਣਾਉਂਦਾ ਹੈ ?**

**ਉੱਤਰ** - ਸੁਨਿਆਰ ਦੁਆਰਾ ਬਣਾਏ ਜਾਂਦੇ ਇਸਤਰੀਆਂ ਦੇ ਗਹਿਣ-

**ਸਿਰ ਤੇ ਮ ਉੱਤੇ ਪਹਿਨੇ ਜਾਣ ਵਾਲੇ ਗਹਿਣੇ** - ਕਲਿੱਪ , ਸੂਈਆਂ , ਬਘਿਆੜੀ , ਸੱਗੀ ਫੁੱਲ, ਠੂਠੀਆਂ ,ਲਾਉਣੀ, ਟਿੱਕਾ, ਤ੍ਰੱਗਾ, ਸ਼ਿੰਗਾਰ-ਪੱਟੀ ਆਦਿ। ਕੰਨਾਂ ਵਿਚ ਪਹਿਨੇ ਜਾਣ ਵਾਲੇ ਗਹਿਣ - ਵਾਲੀਆਂ , ਕਾਂਟੇ , ਪਿੱਪਲ - ਪੱਤੀਆਂ,ਡੇਂਗੂ, ਝੁਮਕੇ, ਬੂੰਦੇ , ਰੇਲਾ, ਡੰਡੀਆਂ,ਲੋਟਣ,ਕੋਕਰੂ ਤੇ ਗੋਲ੍ਹ ਆਦਿ।

**ਨੱਕ ਵਿੰਨ੍ਹ ਕੇ ਪਾਏ ਜਾਣ ਵਾਲੇ ਗਹਿਣ** - ਨੱਥ , ਬੁਲਾਕ , ਲੌਂਗ , ਕੋਕਾ , ਤੀਲ੍ਹੀ ਵਾਲ਼ਾ, ਬੇਸਰ , ਨੁਕਰਾ ਆਦਿ।

**ਗਰਦਣ ਦੁਆਲੇ ਪਹਿਨੇ ਜਾਣ ਵਾਲੇ ਗਹਿਣੇ** - ਹੱਸ , ਰਾਣੀਹਾਰ , ਤਵੀਤ , ਦਾਖਾ , ਚੰਪਾਕਲੀ , ਸੌਂਕਣ - ਮਹੁਰਾ , ਤਵੀਤੜੀਆਂ , ਬੁਘਤੀਆਂ , ਗਾਨੀ , ਜੰਜੀਰਾਂ , ਛਿੰਗ - ਤਵੀਤ , ਮੱਖੀ , ਜੁਗਨੀ , ਚੋਲਣ , ਹਮੇਲ ਆਦਿ।

**ਵੀਣੀ ਤੇ ਬਾਂਹਾਂ ਵਿਚ ਪਾਏ ਜਾਣ ਵਾਲੇ ਗਹਿਣੇ** - ਗੋਖੜੂ , ਪਰੀਬੰਦ , ਗਜਰੇ , ਪਹੁੰਚੀ , ਚੂੜੀਆਂ , ਬਾਜੂਬੰਦ , ਕੰਙਣ , ਵੰਗਾਂ , ਬਾਂਕਾ , ਕਲੀਰੇ ਆਦਿ। ਉਂਗਲਾਂ ਵਿਚ ਪਾਏ ਜਾਣ ਵਾਲੇ ਗਹਿਣੇ - ਮੁੰਦਰੀ , ਛਾਪ , ਕਲੀਚੜੀ ਤੇ ਆਰਸੀ ਆਦਿ ॥

**ਮਰਦਾਂ ਲਈ ਬਣਾਏ ਜਾਣ ਵਾਲੇ ਗਹਿਣੇ** - ਕੜਾ , ਮੁੰਦਰੀ , ਕੈਂਠਾ ਆਦਿ।

**ਪ੍ਰਸ਼ਨ 5. ਲੋਕ - ਕਿੱਤੇ ਦੀ ਕੀ ਵਿਸ਼ੇਸ਼ਤਾ ਹੁੰਦੀ ਹੈ ? ਉਦਾਹਰਨਾਂ ਸਹਿਤ ਦੱਸੋ।**

**ਉੱਤਰ** - ਲੋਕ - ਕਿੱਤੇ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਹ ਸਭਿਆਚਾਰ ਤੇ ਰਹਿਤਲ ਦੀਆਂ ਜ਼ਰੂਰੀ ਲੋੜਾਂ ਲਈ ਇੰਨਾ ਜ਼ਰੂਰੀ ਹੁੰਦਾ ਹੈ ਕਿ ਇਹ ਸਭਿਆਚਾਰ ਦੇ ਨਿਤਾਪ੍ਰਤੀ ਜੀਵਨ ਵਿਚ ਸਧਾਰਨ ਤੋਂ ਸਧਾਰਨ ਅਤੇ ਵਿਸ਼ੇਸ਼ ਤੋਂ ਵਿਸ਼ੇਸ਼ ਵਿਅਕਤੀ ਲਈ ਲੋੜੀਦਾਂ ਅਤੇ ਲਾਹੇਵੰਦ ਹੁੰਦਾ ਹੈ। ਉਦਾਹਰਨ ਲਈ ਤਰਖਾਣ ਅਤੇ

ਲੁਹਾਰ ਦੇ ਕਿੱਤੇ ਨੂੰ ਲਿਆ ਜਾ ਸਕਦਾ ਹੈ , ਜੋ ਖੇਤੀ ਦੇ ਕਿੱਤੇ ਲਈ ਹਲ , ਪੰਜਾਲੀ , ਗੱਡਾ , ਸੁਹਾਗਾ , ਤੰਗਲੀ , ਸਲੰਘ , ਜੂਲਾ , ਦਾਤੀ , ਕਹੀ , ਰੰਬਾ , ਕੁਹਾੜੀ , ਘੁਲਾੜੀ ਤੇ ਹਰਟ ਆਦਿ ਤੇ ਘਰੇਲੂ ਵਰਤੋਂ ਲਈ ਮੰਜਾ , ਪੀੜੀ , ਮਧਾਣੀ , ਘੜਵੰਜੀ , ਚਰਖਾ , ਅਟੇਰਨ , ਚੌਕੀ , ਸੰਦੂਕ , ਘੋਟਣਾ ,ਗੱਡੀਹਰਾ , ਪੰਘੂੜਾ , ਚਕਲਾ , ਵੇਲਣਾ ਆਦਿ ਚੀਜਾਂ ਬਣਾਉਂਦੇ ਹਨ। ਇਸੇ ਤਰ੍ਹਾਂ ਸੁਨਿਆਰਾ ਇਸਤਰੀਆਂ ਤੇ ਮਨੁੱਖਾਂ ਦੇ ਹਾਰ - ਸ਼ਿੰਗਾਰ ਲਈ ਤਰ੍ਹਾਂ - ਤਰ੍ਹਾਂ ਦੇ ਗਹਿਣੇ ਬਣਾਉਣ ਦਾ ਕਿੱਤਾ ਕਰਦਾ ਹੈ। ਤੇਲੀ ਤੇਲ ਦੇ ਬੀਜਾਂ ਵਿਚੋਂ ਤੇਲ ਕੱਢਣ ਦਾ ਕਿੱਤਾ , ਮੋਚੀ ਜੁਤੀਆਂ ਬਣਾਉਣ ਦਾ ਕਿੱਤਾ ਤੇ ਜੁਲਾਹਾਂ ਕੱਪੜੇ ਬੁਣਨ ਦਾ ਕਿੱਤਾ ਕਰਦਾ ਹੈ। ਇਨ੍ਹਾਂ ਵੱਖ - ਵੱਖ ਕਿੱਤਿਆਂ ਨੂੰ ਅਪਣਾਉਣ ਵਾਲੇ ਕਿੱਤਾਕਾਰਾਂ ਦੀਆਂ ਬਣਾਈਆਂ ਚੀਜਾਂ ਸਭਿਆਚਾਰ ਦੇ ਨਿਤਾਪ੍ਰਤੀ ਦੇ ਜੀਵਨ ਤੇ ਰਹਿਤਲ ਵਿੱਚ ਹਰ ਵੱਡੇ ਛੋਟੇ ਲਈ ਲੋੜੀਂਦੀਆਂ ਤੇ ਲਾਹੇਵੰਦ ਹਨ। ਇਹੋ ਹੀ ਲੋਕ - ਕਿੱਤੇ ਦੀ ਵਿਸ਼ੇਸ਼ਤਾ ਹੈ।

**ਪ੍ਰਸ਼ਨ 6. ਲੋਕ ਕਲਾ ਅਤੇ ਸਾਸਤਰੀ ਕਲਾ ਵਿਚ ਕੀ ਅੰਤਰ ਹੈ ? ਖੋਲ੍ਹ ਕੇ ਦੱਸੋ।**

**ਉੱਤਰ** - ਅਜਿਹੀ ਕਲਾ ਜੋ ਕਿਸੇ ਸਮਾਨ ਪਰੰਪਰਾ ਵਾਲੇ ਸਭਿਆਚਾਰ ਦੇ ਮਨੁੱਖੀ ਸਮੂਹ ਦੀਆਂ ਮਾਨਸਿਕ ਭਾਵਨਾਵਾਂ ਨੂੰ ਪ੍ਰਗਟਾਉਂਦੀ ਹੋਵੇ ਅਤੇ ਵਿਰਸੇ ਵਿਚੋਂ ਪ੍ਰਾਪਤ ਹੁੰਦੀ ਹੋਵੇ , ਨੂੰ ਲੋਕ - ਕਲਾ ਕਿਹਾ ਜਾਂਦਾ ਹੈ। ਸਰਲਤਾ ਤੇ ਸਾਦਗੀ ਇਸਦੇ ਵਿਸ਼ੇਸ਼ ਗੁਣ ਹੁੰਦੇ ਹਨ।

ਲੋਕ - ਕਲਾ ਤੇ ਸ਼ਾਸਤਰੀ ਕਲਾ ਵਿਚ ਕੁੱਝ ਫ਼ਰਕ ਹੈ। ਜਿਵੇਂ - ਜਿਵੇਂ ਲੋਕ - ਕਲਾ ਵਿਚ ਨਿਖ਼ਾਰ ਆਉਂਦਾ ਗਿਆ , ਤਿਵੇਂ ਤਿਵੇਂ ਕਲਾ ਦੇ ਨਿਯਮ ਬਣਦੇ ਗਏ। ਜਿਸ ਕਲਾ ਦਾ ਲਿਖਤੀ ਸ਼ਾਸਤਰ ਬਣ ਗਿਆ , ਉਹ ਲੋਕ - ਕਲਾ ਸ਼ਾਸਤਰੀ ਕਲਾ ਦੇ ਘੇਰੇ ਵਿਚ ਚਲੀ ਗਈ। ਇਹ ਕਲਾ ਭਾਵੇਂ ਨਾ ਹੋਵੇ ਜਾਂ ਚਿਤਰਕਾਰੀ ਹੋਵੇ। ਥੋੜ੍ਹੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸ਼ਾਸਤਰੀ ਕਲਾ ਜਿੱਥੇ ਬੱਝਵੇਂ ਨਿਯਮਾਂ ਵਾਲੀ ਹੁੰਦੀ ਹੈ , ਉੱਥੇ ਲੋਕ - ਕਲਾ ਦੇ ਨਿਯਮ ਲਚਕੀਲੇ ਹੁੰਦੇ ਹਨ। ਇਸਦੇ ਬਾਵਜੂਦ ਲੋਕ - ਕਲਾ ਅਤੇ ਸ਼ਾਸਤਰੀ ਕਲਾ ਵਿਚ ਸੋਹਜ ਦੀ ਤਾਂਘ ਅਤੇ ਮਨੋਰੰਜਨ ਵਰਗੇ ਗੁਣ ਸਾਂਝੇ ਹੁੰਦੇ ਹਨ।

**ਪ੍ਰਸ਼ਨ -7. ਪੰਜਾਬ ਦੀਆਂ ਬਹੁਤੀਆਂ ਲੋਕ - ਕਲਾਵਾਂ ਦੀਆਂ ਸਿਰਜਕ ਇਸਤਰੀਆਂ ਹੀ ਰਹੀਆਂ ਹਨ। ਇਸ ਬਾਰੇ ਖੋਲ੍ਹ ਕੇ ਚਾਨਣਾ ਪਾਓ।**

**ਉੱਤਰ** - ਪੰਜਾਬ ਵਿਚ ਬਹੁਤੀਆਂ ਲੋਕ - ਕਲਾਵਾਂ ਦੀਆਂ ਸਿਰਜਕ ਇਸਤਰੀਆਂ ਹੀ ਰਹੀਆਂ ਹਨ। ਇਸਤਰੀ ਦਾ ਮਨ ਕੋਮਲ ਹੁੰਦਾ ਹੈ। ਸ਼ਾਇਦ ਇਸੇ ਕਾਰਨ ਹੀ ਪੰਜਾਬ ਦੀ ਲੋਕ - ਕਲਾਂ ਮੰਗਲ ਕਾਮਨਾ ਵਾਲੀ ਹੈ ਤੇ ਇਸ ਵਿਚ ਲੋਕ - ਜੀਵਨ ਦੇ ਸੁਖਾਂਤਕ ਪੱਖ ਹੀ ਪੇਸ਼ ਹੋਏ ਹਨ।

ਪੰਜਾਬ ਵਿਚ ਘਰਾਂ ਦੀਆਂ ਕੰਧਾਂ ਤੇ ਓਟਿਆਂ ਨੂੰ ਲਿਪਾਈ ਨਾਲ ਸੁਆਰਨ , ਘਰੇਲੂ ਵਰਤੋਂ ਦੀਆਂ ਚੀਜ਼ਾਂ - ਭੜੋਤੇ ਭੜੋਲੀਆਂ , ਹਾਰਿਆਂ ਤੇ ਚੁੱਲ੍ਹਿਆਂ ਨੂੰ ਸ਼ਿੰਗਾਰਨ , ਤਿਥਾਂ - ਤਿਉਹਾਰਾਂ ਸਮੇਂ ਸਾਂਝੀ ਤੇ ਅਹੋਈ ਦੇ ਚਿਤਰ ਬਣਾ ਕੇ ਉਨ੍ਹਾਂ ਦੀ ਪੂਜਾ ਕਰਨ , ਫੁਲਕਾਰੀ ਦੇ ਭਿੰਨ - ਭਿੰਨ ਨਮੂਨਿਆਂ , ਰੁਮਾਲਾਂ ਤੋਂ ਪੱਖੀਆਂ ਦੀ ਕਢਾਈ ਦੇ ਨਮੂਨਿਆਂ ਦਰੀਆਂ , ਚਾਦਰਾਂ , ਨੁਆਰ ਤੇ ਨਾਲਿਆਂ ਦੀ ਬੁਣਾਈ ਅਤੇ ਪਾਂਡੋ ਮਿੱਟੀ ਵਿਚ ਕਾਗ਼ਜ਼ ਤੇ ਗੱਤਾ ਰਲਾ ਕੇ ਬਣਾਏ ਬੋਹੀਆਂ ਤੇ ਗੋਹਟਿਆਂ ਵਿਚ ਇਸਤਰੀਆਂ ਦੁਆਰਾ ਸਿਰਜੀ ਲੋਕ ਕਲਾ ਦੇ ਅਦਭੁਤ ਨਮੂਨੇ ਦੇਖੇ ਜਾ ਸਕਦੇ ਹਨ।

**ਪ੍ਰਸ਼ਨ- 8 . " ਪੰਜਾਬ ਦੇ ਲੋਕ - ਕਿੱਤੇ ਅਤੇ ਲੋਕ - ਕਲਾਵਾਂ ਪਾਠ ਦੇ ਅਧਾਰ ਤੇ ਦੱਸੋ ਕਿ ਬਾਗ਼ ਦੀ ਕਢਾਈ ਲੋਕ - ਕਲਾ ਦੀ ਵਿਸ਼ੇਸ਼ ਕਿਸਮ ਮੰਨੀ ਜਾਂਦੀ ਹੈ। ਦੱਸੋ ਕਿਵੇਂ ?**

**ਉੱਤਰ** - ਬਾਗ਼ ਫੁਲਕਾਰੀ ਦੀ ਇਕ ਬਹੁਤ ਹੀ ਵਿਸ਼ੇਸ਼ ਕਢਾਈ ਵਾਲੀ ਕਿਸਮ ਹੈ। ਇਸ ਵਿਚ ਰੰਗੇ ਹੋਏ ਖੱਦਰ ਦੇ ਕੱਪੜੇ ਉੱਪਰ ਚੌਰਸ , ਤਿਕੋਨੇ, ਛੇ - ਕਲੀਏ , ਅੱਠ - ਕਲੀਵੇ ਅਤੇ ਚੌਪੜ ਦੇ ਖਾਨਿਆਂ ਵਾਲੇ ਨਮੂਨਿਆਂ ਨੂੰ ਇਸ ਪ੍ਰਕਾਰ ਵਿਉਂਤ ਕੇ ਰੰਗ ਬਰੰਗੇ ਰੇਸ਼ਮੀ ਧਾਗਿਆਂ ਨਾਲ ਕਢਾਈ ਕੀਤੀ ਹੁੰਦੀ ਹੈ ਕਿ ਕੋਈ ਵੀ ਥਾਂ ਖਾਲੀ ਨਹੀਂ ਦਿਖਾਈ ਦਿੰਦੀ। ਕਢਾਈ ਲਈ ਵੀ ਰੰਗ ਦਾ ਰੇਸ਼ਮੀ ਧਾਗਾ ਵਰਤਿਆ ਜਾਂਦਾ ਹੈ। ਬਾਗ਼ ਦੀ ਕਾਢਾਈ ਮੁਕੰਮਲ ਕਰਨ ਪਿੱਛੋਂ ਇਕ ਨੁੱਕਰ ਉੱਤੇ ਥੋੜ੍ਹੀ ਜਿਹੀ ਵੀ ਖਾਲੀ ਛੱਡ ਕੇ ਕਾਲੇ ਧਾਗੇ ਨਾਲ ਇਕ ਨਿੱਕੀ ਜਿਹੀ ਬੂਟੀ ਕੱਢ ਦਿੱਤੀ ਜਾਂਦੀ ਹੈ , ਤਾਂ ਜੋ ਕਿਸੇ ਦੀ ਨਜ਼ਰ ਨਾ ਲੱਗੇ।

**ਪ੍ਰਸ਼ਨ 9. ਫੁਲਕਾਰੀ ਦੀ ਕਢਾਈ ਦੇ ਹੁਨਰ ਨੂੰ ਲੋਕ - ਕਲਾ ਦਾ ਸਿਖਰ ਕਿਉਂ ਮੰਨਿਆ ਜਾਂਦਾ ਹੈ ?**

**ਉੱਤਰ** - ਫੁਲਕਾਰੀ ਦੀ ਕਢਾਈ ਦੇ ਹੁਨਰ ਨੂੰ ਲੋਕ ਕਲਾ ਦਾ ਸਿਖਰ ਮੰਨਿਆ ਜਾਂਦਾ ਹੈ , ਕਿਉਂਕਿ ਫੁਲਕਾਰੀ ਦੇ ਕਈ ਨਮੂਨੇ ਪ੍ਰਚਲਿਤ ਹਨ , ਜਿਸ ਵਿਚ ਲੋਕ - ਕਲਾ ਦੇ ਕਈ ਰੂਪ ਦੇਖੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਬਾਗ਼ , ਚੋਪ , ਸੁਭਰ ,ਤਿਲਪੱਤਰਾ ਅਤੇ ਨੀਲਕ ਆਦਿ ਪ੍ਰਸਿੱਧ ਹਨ।

**ਪ੍ਰਸ਼ਨ 10. ਬਾਗ ਅਤੇ ਫੁਲਕਾਰੀ ਦੀ ਲੋਕ - ਕਲਾ ਤੋਂ ਇਲਾਵਾ ਲੋਕ - ਕਲਾ ਦੀਆਂ ਹੋਰ ਕਿਹੜੀਆਂ ਵੰਨਗੀਆਂ ਹਨ।**

**ਉੱਤਰ** - ਬਾਗ਼ ਅਤੇ ਫੁਲਕਾਰੀ ਦੀ ਲੋਕ - ਕਲਾ ਤੋਂ ਇਲਾਵਾ ਪੰਜਾਬ ਵਿਚ ਲੋਕ - ਕਲਾ ਦੀਆਂ ਹੋਰ ਵੰਨਗੀਆਂ ਵੀ ਹਨ , ਜਿਨ੍ਹਾਂ ਵਿਚ ਦਰੀਆਂ , ਨਾਲਿਆਂ ਤੇ ਨੁਆਰ ਦੀ ਬੁਣਤੀ ਸ਼ਾਮਿਲ ਹੈ। ਨਾਲਿਆਂ ਤੇ ਦਰੀਆਂ ਦੀ ਬੁਣਤੀ ਵਿਚ ਪਾਏ ਅਨੇਕ ਤਰ੍ਹਾਂ ਦੇ ਨਮੂਨੇ ਪੰਜਾਬ ਦੀ ਲੋਕ - ਕਲਾ ਦਾ ਅਮੀਰ ਖ਼ਜਾਨਾ ਹਨ। ਇਸ

ਤੋਂ ਇਲਾਵਾ ਪੱਖੀਆਂ ਦੀ ਬੁਣਤੀ ਤੇ ਰੁਮਾਲਾਂ- ਝੋਲਿਆਂ ਉੱਪਰ ਕੀਤੀ ਕਢਾਈ , ਪਾਂਡੋ ਮਿੱਟੀ ਵਿਚ ਕਾਗ਼ਜ਼ ਤੇ ਗੱਤਾ ਰਲਾ ਕੇ ਬਣਾਏ ਬੋਹੀਏ ਤੇ ਗੋਹਟੇ ਵੀ ਪੰਜਾਬ ਦੀ ਲੋਕ ਕਲਾ ਦੇ ਉੱਤਮ ਨਮੂਨੇ ਹਨ। ਨਵਰਾਤਿਆਂ ਵਿਚ ਕੁਆਰੀਆਂ ਕੁੜੀਆਂ ਦੁਆਰਾ ਕੰਧ ਉੱਤੇ ਬਣਾਈ ਸਾਂਝੀ ਦੇਵੀ ਦੀ ਮੂਰਤੀ ਤੇ ਉਸਨੂੰ ਸ਼ਿੰਗਾਰਨ ਲਈ ਬਣਾਏ ਚਿਤਰ ਅਤੇ ਕੱਤਕ ਵਿਚ ਕੰਧ ਉੱਤੇ ਉਲੀਕੀ ਅਹੋਈ ਦੀ ਮੂਰਤੀ ਵੀ ਲੋਕ - ਕਲਾ ਦੇ ਉੱਤਮ ਨਮੂਨੇ ਮੰਨੇ ਜਾਂਦੇ ਹਨ।

**ਪ੍ਰਸ਼ਨ 11. ਨਵਰਾਤਿਆਂ ਦੇ ਦਿਨਾਂ ਦੌਰਾਨ ਕੁਆਰੀਆਂ ਕੁੜੀਆਂ ਵਲੋਂ ਬਣਾਈਆਂ ਮਿੱਟੀ ਦੀਆਂ ਮੂਰਤੀਆਂ ਬਾਰੇ ਭਰਪੂਰ ਜਾਣਕਾਰੀ ਦਿਉ।**

**ਉੱਤਰ** - ਨਵਰਾਤਿਆਂ ਦੇ ਦਿਨਾਂ ਦੌਰਾਨ ਕੁਆਰੀਆਂ ਕੁੜੀਆਂ ਕੰਧ ਉੱਤੇ ਗੋਹੇ ਮਿੱਟੀ ਨਾਲ ਸਾਂਝੀ ਦੇਵੀ ਦੀ ਮੂਰਤੀ ਬਣਾਉਂਦੀਆਂ ਹਨ , ਜਿਸ ਨੂੰ ਸ਼ਿੰਗਾਰਨ ਲਈ ਉਹ ਉਸਦੇ ਨਾਲ ਕਈ ਪ੍ਰਕਾਰ ਦੇ ਚਿੱਤਰ ਬਣਾਉਂਦੀਆਂ ਹਨ। ਉਹ ਸਾਂਝੀ ਦੇਵੀ ਅੱਗੇ ਦੀਵੇ ਜਗਾ ਕੇ ਗੀਤ ਗਾਉਂਦੀਆਂ , ਮੱਥੇ ਟੇਕਦੀਆਂ ਅਤੇ ਦਸਵੇਂ ਦਿਨ ਦੁਸਹਿਰੇ ਵਾਲੇ ਦਿਨ ਕੰਧ ਉੱਤੋ ਮੂਰਤੀ ਉਤਾਰ ਕੇ ਤੇ ਖੇਤਰੀ ਪਾਣੀ ਵਿਚ ਰੋੜ ਦਿੰਦੀਆਂ ਹਨ।

## 6. ਪੰਜਾਬ ਦੇ ਲੋਕ - ਨਾਚ - ਡਾ. ਜੰਗੀਰ ਸਿੰਘ ਨੂਰ

**ਪ੍ਰਸ਼ਨ 1 , ਪੰਜਾਬ ਦੇ ਲੋਕ - ਨਾਚਾਂ ਦੀ ਪਰੰਪਰਾ ਜਾਂ ਪ੍ਰਾਚੀਨਤਾ ਦਾ ਕਿਵੇਂ ਪਤਾ ਲਗਦਾ ਹੈ ?**

**ਉੱਤਰ** - ਪੰਜਾਬ ਵਿਚ ਲੋਕ - ਨਾਚਾਂ ਦੀ ਪ੍ਰਾਚੀਨਤਾ ਦਾ ਪਤਾ 5000 ਪੂ : ਈ : ਤੋਂ ਇਸ ਪਰੰਪਰਾ ਦੇ ਕਾਇਮ ਹੋਣ ਦੇ ਪ੍ਰਮਾਣ ਮਿਲਣ ਤੋਂ ਲਗਦਾ ਹੈ ।

**ਪ੍ਰਸ਼ਨ 2. ਇਸਤਰੀਆਂ ਦੇ ਮੁੱਖ ਲੋਕ - ਨਾਚਾਂ ਦਾ ਸੰਖੇਪ ਵਰਣਨ ਕਰੋ | ਜਾਂ ਹੇਠ ਲਿਖਿਆਂ ਬਾਰੇ ਨੋਟ ਲਿਖੋ ( ੳ ) ਗਿੱਧਾ ( ਅ ) ਸੰਮੀ , ( ੲ) ਕਿੱਕਲੀ**

**ਉੱਤਰ** - ਸਮਾਜਿਕ ਪਰੰਪਰਿਕ ਵਿਚਾਰਾਂ , ਵਿਸ਼ਵਾਸਾਂ , ਮਿੱਥਾਂ , ਰਹੁ - ਰੀਤਾਂ , ਸਰੀਰਕ ਬਣਤਰ ਤੇ ਕਾਰਜ ਇਸਤਰੀਆਂ ਦੇ ਲੋਕ - ਨਾਚਾਂ ਦੀ ਪ੍ਰਕਿਰਤੀ ਨਿਰਧਾਰਿਤ ਕਰਦੇ ਹਨ । ਪੰਜਾਬਣਾਂ ਭਾਵੇਂ ਦੂਸਰੇ ਪ੍ਰਾਂਤਾਂ ਦੀਆਂ ਇਸਤਰੀਆਂ ਦੇ ਮੁਕਾਬਲੇ ਤਕੜੇ ਤੇ ਭਰਵੇਂ ਸਰੀਰਾਂ ਤੋਂ ਉੱਚੇ ਕੱਦ - ਕਾਠ ਵਾਲੀਆਂ ਹਨ , ਤਾਂ ਵੀ ਇਨ੍ਹਾਂ ਦੇ ਨਾਚ ਕੋਮਲਤਾ , ਸੁਹਜ , ਸਾਦਗੀ , ਰਵਾਨਗੀ ਤੇ ਲਚਕ ਨਾਲ ਭਰਪੂਰ ਹਨ । ਕੋਈ ਵੀ ਮੰਗਲ ਕਾਰਜ , ਇਸਤਰੀਆਂ ਦੇ ਲੋਕ - ਨਾਚਾਂ ਤੋਂ ਸੱਖਣਾ ਨਹੀਂ ਰਹਿੰਦਾ । ਇਹ ਲੋਕ - ਨਾਚ ਸਧਾਰਨ ਲੋਕ - ਸਾਜ਼ਾਂ , ਪਹਿਰਾਵੇ ਅਤੇ ਬਹੁਪੱਖੀ ਲੋਕ - ਗੀਤਾਂ ਰਾਹੀਂ ਬਿਨਾਂ ਕਿਸੇ ਕਰੜੀ ਨਿਯਮਾਵਲੀ ਤੋਂ ਕਿਸੇ ਸਰਬ - ਸਾਂਝੀ ਥਾਂ ' ਤੇ ਪੇਸ਼ ਕੀਤੇ ਜਾਂਦੇ ਹਨ । ਪੰਜਾਬ ਦੀਆਂ ਇਸਤਰੀਆਂ ਦੇ ਪ੍ਰਸਿੱਧ ਲੋਕ - ਨਾਚ ਹੇਠ ਲਿਖੇ ਹਨ ਗਿੱਧਾ , ਸੰਮੀ ਅਤੇ ਕਿੱਕਲੀ ।

**ਗਿੱਧਾ** - ਗਿੱਧਾ ਪੰਜਾਬ ਦੀਆਂ ਇਸਤਰੀਆਂ ਦੇ ਚਾਵਾਂ , ਉਮੰਗਾਂ , ਵਲਵਲਿਆਂ ਅਤੇ ਉਲਾਸ - ਭਾਵਾਂ ਨੂੰ ਪ੍ਰਗਟ ਕਰਨ ਵਾਲਾ ਲੋਕ - ਨਾਚ ਹੈ । ਗਿੱਧਾ ਇਕ ਤਾਲੀ ਨਾਚ ਹੈ । ਨੱਚਣ ਵਾਲੀਆਂ ਤੇ ਘੇਰੇ ਵਿਚ ਖੜ੍ਹੀਆਂ ਇਸਤਰੀਆਂ ਤਾਲੀ ਮਾਰਦੀਆਂ ਹਨ ਤੇ ਉਸਦਾ ਵਹਾਓ ਲੋਕ - ਗੀਤਾਂ ਦੇ ਮੁੱਖ ਰੂਪਾਂ , ਬੋਲੀਆਂ ਤੇ ਟੱਪਿਆਂ ਨਾਲ ਚਲਦਾ ਹੈ । ਇਨ੍ਹਾਂ ਟੱਪਿਆਂ ਵਿਚ ਉਚਾਰੇ ਗਏ ਭਾਵਾਂ ਨੂੰ ਨਾਚ - ਮੁਦਰਾਵਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ ਅਤੇ ਤਾਲੀ ਤੇ ਬੋਲੀ ਵਿਚ ਇਕਸੁਰਤਾ ਕਾਇਮ ਰੱਖਣ ਲਈ ' ਬੱਲੇ - ਬੱਲੇ ਬਈ , ਸ਼ਾਵਾ - ਸ਼ਾਵਾ ਆਦਿ ਸ਼ਬਦਾਂ ਨੂੰ ਲਮਕਾਵੀਂ ਸੁਰ ਨਾਲ ਜੋੜ ਲਿਆ ਜਾਂਦਾ ਹੈ । ਇਹ ਸਥਾਨ , ਤਾਲ ਤੇ ਮੁਦਰਾਵਾਂ ਦੇ ਪੱਖੋਂ ਸੁਤੰਤਰਤਾ ਦਾ ਧਾਰਨੀ ਹੈ । ਦੇਖੋ ਗਿੱਧੇ ਦੀ ਇਕ ਬੋਲੀ

ਵੇ ਗੁਰਦਿੱਤੇ ਦੇ ਭਾਈਆ - ਹਾਂ ਜੀ । ਵੇ ਦੋ ਖੱਟੇ ਲਿਆ ਦੇ ਹਾਂ ਜੀ ।

ਵੇ ਮੇਰੇ ਪੀੜ ਕਲੇਜੇ - ਹਾਂ ਜੀ । ਵੇ ਮੈਂ ਮਰਦੀ ਜਾਵਾਂ - ਹਾਂ ਜੀ ।

ਵੇ ਤੇਰੀ ਸੜ ਜਾਏ ਹਾਂ ਜੀ ਹਾਂ ਜੀ ।

**ਸੰਮੀ** - ਲੋਕ - ਨਾਚ ਸਾਂਝੇ ਪੰਜਾਬ ਦੇ ਪੱਛਮੀ ਬਾਰ ਦੇ ਇਲਾਕੇ ਵਿਚ ਪ੍ਰਚਲਿਤ ਰਿਹਾ ਹੈ । ਇਸਦੇ ਪ੍ਰਚਲਿਤ ਹੋਣ ਬਾਰੇ ਬਹੁਤ ਸਾਰੀਆਂ ਦੰਤ - ਕਥਾਵਾਂ ਪ੍ਰਚਲਿਤ ਹਨ । ਇਹ ਲੋਕ - ਨਾਚ ਭਾਵੇਂ ਗਿੱਧੇ ਵਾਂਗ ਘੇਰੇ ਵਿਚ ਹੀ ਨੱਚਿਆ ਜਾਂਦਾ ਹੈ , ਪਰੰਤੂ ਇਸ ਦੀਆਂ ਮੁਦਰਾਵਾਂ ਗਿੱਧੇ ਤੋਂ ਭਿੰਨ ਹੁੰਦੀਆਂ ਹਨ । ਇਸ ਲੋਕ - ਨਾਚ ਨੂੰ ਨੱਚਦੀਆਂ ਇਸਤਰੀਆਂ ਵਿਚੋਂ ਕੁੱਝ ਖੜ੍ਹੀਆਂ ਹੋ ਕੇ ਉੱਪਰ ਬਾਹਾਂ ਕਰਦੀਆਂ ਹਨ ਤੇ ਫਿਰ ਕਿਸੇ ਪੰਛੀ ਨੂੰ ਅਵਾਜ਼ ਮਾਰਨ ਦਾ ਸੰਕੇਤ ਕਰਦੀਆਂ ਹੋਈਆਂ ਗੀਤ ਦੇ ਇਹ ਬੋਲ ਅਲਾਪਦੀਆਂ ਹਨ ।

ਖਲੀ ਦੇਨੀ ਆ ਸੁਨੇਹੜਾ । ਖਲੀ ਦੇਨੀ ਆ ਸੁਨੇਹੜਾ ।

ਇਸ ਬਟੇਰੇ ਨੂੰ ਅਲ੍ਹਾ ਖੈਰ : ਸੁਣਾਵੇ ਸੱਜਣ ਮੇਰੇ ਨੂੰ ।

ਅੱਲਾ ਖੈਰ , ਸੁਣਾਵੇ ਮੇਰੇ ਸੱਜਣ ਨੂੰ ।

ਇਸ ਵਿਚ ਕਿਸੇ ਸਾਜ਼ ਦੀ ਥਾਂ ਬਾਹਾਂ ਉੱਪਰ ਹੇਠਾ ਕਰ ਕੇ ਮਾਰੀਆਂ ਹੱਥਾਂ ਦੀਆਂ ਤਾੜੀਆਂ , ਚੁਟਕੀਆ ਤੇ ਪੈਰਾਂ ਦੀ ਥਾਪ ਤੋਂ ਹੀ ਕੰਮ ਲਿਆ ਜਾਂਦਾ ਹੈ । ਇਹ ਨਾਚ ਬਹੁਤਾ ਕਰਕੇ ਬਾਹਾ ਦੇ ਹਿਲੋਰਿਆਂ ਉੱਤੇ ਆਧਾਰਿਤ ਹੈ । ਇਸ ਵਿਚ ਨਮਸਕਾਰ ਮੁਦਰਾ ਕਮਾਲ ਦੀ ਹੁੰਦੀ ਹੈ ।

**ਕਿੱਕਲੀ** - ਕਿੱਕਲੀ ਛੋਟੀਆਂ ਕੁੜੀਆਂ ਦਾ ਲੋਕ - ਨਾਚ ਹੈ । ਇਸ ਨਾਚ ਨੂੰ ਇਸਤਰੀਆਂ ਗਿੱਧੇ ਜਾਂ ਹੋਰ ਲੋਕ - ਨਾਚਾਂ ਦੇ ਆਰੰਭਿਕ ਅੰਤਿਮ ਚਰਨ ਵਿਚ ਵੀ ਪੇਸ਼ ਕਰ ਲੈਂਦੀਆਂ ਹਨ । ਇਹ ਨਾਚ ਛੋਟੀਆਂ - ਛੋਟੀਆਂ ਦੋ ਕੁੜੀਆਂ ਮਿਲ ਕੇ ਆਪਣੇ ਮਨ ਦੀ ਖੁਸ਼ੀ ਨੂੰ ਪ੍ਰਗਟ ਕਰਨ ਲਈ ਘਰਾਂ ਦੇ ਵਿਹੜਿਆਂ , ਚੁਰੱਸਤਿਆਂ ਜਾਂ ਛੱਤਾਂ ਉੱਤੇ ਹੱਥਾਂ ਦੀ ਕਰਿੰਗੜੀ ਪਾ ਕੇ ਤੇ ਪੱਬ ਜੋੜ ਕੇ ਘੁੰਮਦੀਆਂ ਹੋਈਆਂ ਨੱਚ ਲੈਂਦੀਆਂ ਹਨ ਤੇ ਨਾਲ - ਨਾਲ ਗਾਉਂਦੀਆਂ ਹਨ -

ਕਿੱਕਲੀ ਕਲੀਰ ਦੀ , ਪੱਗ ਮੇਰੇ ਵੀਰ ਦੀ ,

ਦੁਪੱਟਾ ਮੇਰੇ ਭਾਈ ਦਾ , ਫਿੱਟੇ ਮੂੰਹ ਜਵਾਈ ਦਾ ॥

ਕੁੜੀਆਂ ਦੇ ਇਹ ਲੋਕ - ਗੀਤ ਮਾਂ , ਭਰਾ ਤੇ ਪਿਤਾ ਦੇ ਅਮੁੱਕ ਪਿਆਰ ਦਾ ਸੰਕੇਤ ਹੁੰਦੇ ਹਨ।

ਹੱਲੇ - ਹੁਲਾਰੇ , ਲੁੱਡੀ , ਧਮਾਲ , ਟਿਪਰੀ , ਫਤੂਹਾ , ਘੁਮਰ ਤੇ ਸਪੇਰਾ ਇਹ ਇਸਤਰੀਆਂ ਦੇ ਕੁੱਝ ਹੋਰ ਲੋਕ - ਨਾਚ ਹਨ।

**ਪ੍ਰਸਨ -3.' ਪੰਜਾਬ ਦੇ ਲੋਕ - ਨਾਚ ' ਪਾਠ ਵਿਚ ਆਏ ਮੁਰਦਾਰੇ ' ਲੋਕ - ਨਾਚਾਂ ਦਾ ਸੰਖੇਪ ਵਰਣਨ ਕਰੋ। ਜਾਂ**

**ਹੇਠ ਲਿਖੇ ਲੋਕ - ਨਾਚਾਂ ਬਾਰੇ ਨੋਟ ਲਿਖੋ - ਭੰਗੜਾ , , ਝੂੰਮਰ , ਮਰਦਾਂ ਦਾ ਗਿੱਧਾ ।**

**ਉੱਤਰ** - ਪੰਜਾਬ ਦੇ ਮਰਦਾਵੇਂ ਲੋਕ - ਨਾਚ ਵੀ ਆਪਣੀ ਵੱਖਰੀ ਪਛਾਣ ਰੱਖਦੇ ਹਨ। ਇਨ੍ਹਾਂ ਦੀ ਪਰੰਪਰਾ ਪ੍ਰਾਚੀਨ ਹੈ | ਭੰਗੜਾ , ਝੂੰਮਰ ,ਲੁੱਡੀ ਪੰਜਾਬ ਦੇ ਮਰਦਾਂ ਦੇ ਪ੍ਰਸਿੱਧ ਲੋਕ - ਨਾਚ ਹਨ।

**ਭੰਗੜਾ-** ਭੰਗੜੇ ਵਿਚ ਤਕੜੇ ਤੇ ਗੱਠੇ ਹੋਏ ਸਰੀਰ ਦਾ ਪ੍ਰਦਰਸ਼ਨ , ਸਧਾਰਨ ਰ ਸੁੰਦਰ ਪੁਸ਼ਾਕ ਪਹਿਨ ਕੇ ਅਲਬੇਲੇਪਨ ਵਿਚ ਜੋਸ਼ , ਬੀਰਤਾ ਤੇ ਸਾਹਸ ਭਰਪੂਰ ਮੁਦਰਾਵਾਂ ਰਾਹੀਂ ਕੀਤਾ ਜਾਂਦਾ ਹੈ। ਇਹ ਨਾਚ ਪਹਿਲਾਂ ਤਾਂ ਬਹੁਤਾ ਪੱਛਮੀ ਪੰਜਾਬ ਤੇ ਮਾਝੇ ਦੇ ਇਲਾਕੇ ਵਿਚ ਪ੍ਰਚਲਿਤ ਸੀ , ਪਰ ਹੁਣ ਇਹ ਰਾਸ਼ਟਰੀ ਤੇ ਤਰ - ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਹੈ। ਇਹ ਨਾਚ ਢੋਲ ਦੀ ਸਰਲ ਤਾਲ ਤੇ ਨੱਚਿਆ ਜਾਂਦਾ ਹੈ। ਭੰਗੜੇ ਦੇ ਆਰੰਭ ਵੱਚ ਢੋਲ ਦੀ ਤਾਲ ਧੀਮੀ ਵੱਜਦੀ ਹੈ। ਨਚਾਰ ਭੰਗੜੇ ਦੇ ਤਾਲ ਉੱਤੇ ਪੈਰਾਂ ਅਤੇ ਸਰੀਰ ਦੇ ਹੋਰ ਅੰਗਾਂ ਨੂੰ ਹਲੂਣਦੇ ਹੋਏ ਕਈ ਪ੍ਰਕਾਰ ਦੀਆਂ ਮੁਦਰਾਵਾਂ ਕਰਦੇ ਹਨ ਭੰਗੜੇ ਦੀ ਟੋਲੀ ਵਿੱਚੋਂ ਹੀ ਨਾਚਾਰ , ਢੋਲੀ ਜਾਂ ਲਾਕੜੀ ਬੋਲੀ ਚੁੱਕਦਾ ਹੈ , ਤਾਕੀ ਜਣੇ ਲੋੜ ਅਨੁਸਾਰ ਉਸ ਦਾ ਸਾਥ ਦਿੰਦੇ ਹਨ। ਬੋਲੀ ਦੀ ਅੰਤਿਮ ਤੁਕ ਦੇ ਉਚਾਰ ਨਾਲ ਨਾਚ ਤੇਜ਼ ਹੋ ਜਾਂਦਾ ਹੈ। ਭੰਗੜੇ ਦੀ ਇਸ ਗਤੀ ਨੂੰ ਤੇਜ਼ ਕਰਨ ਲਈ ਢੋਲੀ ਢੋਲ ਨੂੰ ਤੇਜ਼ ਗਤੀ ਨਾਲ ਵਜਾਉਂਦਾ ਹੈ ਅਤੇ ਵੱਖ - ਵੱਖ ਮੁਦਰਾਵਾਂ ਅਤੇ ਬੋਲੀਆਂ ਦਾ ਪ੍ਰਗਟਾਉ - ਸੰਦਰਭ ਉਸਦੇ ਵੱਖ - ਵੱਖ ਅੰਦਾਜ਼ ਨਾਲ ਬਦਲਦਾ ਰਹਿੰਦਾ ਹੈ। ਭੰਗੜੇ ਵਿੱਚ ਢੋਲ ਤੋਂ ਇਲਾਵਾ ਹਿਮਟਾ , ਡਾਂਗ , ਕਾਟੋ ਤੇ ਸੱਪ ਆਦਿ ਸਾਜ਼ਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਦੀਆਂ ਕਈ ਮੁਦਰਾਵਾਂ ਹਨ। ਨਚਾਰਾਂ ਦੀ ਪੁਸ਼ਾਕ ਵੀ ਸਾਦੀ ਹੁੰਦੀ ਹੈ। ਦੇਖੋ ਭੰਗੜੇ ਦੀ ਇਕ ਬੋਲੀ -

ਸਾਡੇ ਪਿੰਡ ਦੇ ਮੁੰਡੇ ਵੇਖ ਲਓ , ਜਿਉਂ ਟਾਹਲੀ ਦੇ ਪਾਵੇ ,
ਕੰਨੀਦਾਰ ਇਹ ਬੰਦੇ ਚਾਦਰੇ , ਪਿੰਨੀਆਂ ਨਾਲ ਸੁਹਾਵੇ ,
ਦੁਧੀਆ - ਕਾਸ਼ਨੀ ਬੰਨਦੇ ਸ਼ਾਫ਼ੇ , ਜਿਉਂ ਉਡਦਾ ਕਬੂਤਰ ਜਾਵੇ।
ਮਲਮਲ ਦੇ ਤਾਂ ਕੁੜਤੇ ਪਾਉਂਦੇ , ਜਿਉਂ ਬਗਲਾ ਤਲਾ ਵਿੱਚ ਨਾਵੇ ,
ਭੰਗੜਾ ਪਾਉਂਦਿਆਂ ਦੀ ਸਿਫ਼ਤ ਕਹੀ ਨਾ ਜਾਵੇ।

ਵਰਤਮਾਨ ਸਮੇਂ ਵਿਚ ਭੰਗੜੇ ਦਾ ਸਰੂਪ ਕਾਫ਼ੀ ਬਦਲ ਚੁੱਕਾ ਹੈ। ਇਸ ਵਿਚ ਕੁੱਝ ਅਲੋਪ ਹੋ ਰਹੇ ਲੋਕ - ਨਾਚਾਂ ਤੇ ਵਿਦੇਸ਼ੀ ਨਾਚਾਂ ਦੀਆਂ ਮੁਦਰਾਵਾਂ ਪ੍ਰਵੇਸ਼ ਕਰ ਰਹੀਆਂ ਹਨ।

**ਝੂੰਮਰ**-ਝੂੰਮਰ ਪੱਛਮੀ ਪੰਜਾਬ ਦੇ ਸਾਂਦਲ ਬਾਰ ਦੇ ਲੋਕਾਂ ਦਾ ਨਾਚ ਹੈ। ਵੰਡ ਤੋਂ ਮਗਰੋਂ ਬਾਰ ਦੇ ਲੋਕਾਂ ਦੇ ਇਧਰਲੇ ਪੰਜਾਬ ਵਿਚ ਆ ਕੇ ਵਸਣ ਨਾਲ ਇਹ ਲੋਕ - ਨਾਚ ਵੀ ਇਧਰ ਆ ਗਿਆ ਹੈ। ਨਚਾਰ ਸਮੂਹਿਕ ਰੂਪ ਵਿਚ ਕਿਸੇ ਖੁੱਲ੍ਹੀ ਥਾਂ ਘੇਰੇ ਦੇ ਆਕਾਰ ਵਿਚ ਆਪਣੇ ਹਰਮਨ - ਪਿਆਰੇ ਲੋਕ - ਗੀਤ ਢੋਲੇ ਦੇ ਰਾਹੀਂ ਢੋਲ ਦੀ ਤਾਲ ਉੱਤੇ ਇਸ ਨਾਚ ਨੂੰ ਨੱਚਦੇ ਹਨ। ਇਹ ਨਾਚ ਤਿੰਨ ਤਾਲਾ - ਮੱਠੀ , ਤੇਜ਼ ਅਤੇ ਬਹੁਤ ਹੀ ਤੇਜ਼ ਤਾਲ - ਉੱਤੇ ਨੱਚਿਆ ਜਾਂਦਾ ਹੈ। ਇਨ੍ਹਾਂ ਤਾਲਾਂ ਨੂੰ ਝੂਮਰ ਦੀ ਚੀਣਾ ਛੜਨਾ ਤੇ ਧਮਾਲ ਵੀ ਆਖਦੇ ਹਨ। ਇਸ ਨਾਚ ਨੂੰ ਨੱਚਦਿਆਂ ਲੰਮੇ ਗੀਤ ਗਾਏ ਜਾਂਦੇ ਹਨ।

ਲੁੱਡੀ- ਲੁੱਡੀ ਸਾਂਝੇ ਪੰਜਾਬ ਦੇ ਉੱਤਰ - ਪੱਛਮੀ ਨੀਮ ਪਹਾੜੀ ਅਤੇ ਕੁੱਝ ਮੈਦਾਨੀ ਇਲਾਕੇ ਵਿਚ ਪ੍ਰਚਲਿਤ ਰਿਹਾ ਲੋਕ - ਨਾਚ ਹੈ। ਇਹ ਜਿੱਤ ਦੀ ਖੁਸ਼ੀ ਦਾ ਨਾਚ ਹੈ ਤੇ ਇਹ ਢੋਲ ਦੀਆਂ ਸਧਾਰਨ ਤਾਲਾਂ ਤੇ ਨੱਚਿਆ ਜਾਂਦਾ ਹੈ ਤੇ ਨਚਾਰ ਜਿਵੇਂ ਮਰਜ਼ੀ ਨਾਚ ਮੁਦਰਾਵਾਂ ਕਰਦੇ ਹਨ। ਇਸ ਵਿਚ ਤਾੜੀ ਮਾਰਨਾ , ਮੋਢੇ ਤੇ ਲੱਕ ਹਿਲਾਉਣਾ ਅਤੇ ਬਾਹਾਂ ਤੇ ਲੱਤਾਂ ਦੀਆਂ ਹਰਕਤਾਂ ਆਦ ਮੁਦਰਾਵਾਂ ਸ਼ਾਮਲ ਹੁੰਦੀਆਂ ਹਨ। ਮਸਤੀ ਵਿਚ ਆਏ ਨਚਾਰ ਆਪਣੇ ਮੂੰਹ ਵਿਚੋਂ ਕਈ ਪ੍ਰਕਾਰ ਦੀਆਂ ਆਵਾਜ਼ਾਂ ਕੱਢਦੇ ਹਨ।

**ਮਰਦਾਂ ਦਾ ਗਿੱਧਾ** - ਮਰਦਾਂ ਦਾ ਗਿੱਧਾ ਮਾਲਵੇ ਵਿੱਚ ਪ੍ਰਚਲਿਤ ਲੋਕ - ਨਾਚ ਹੈ , ਜਿਸ ਨੂੰ ਚੋਬਰਾਂ ਦਾ ਗਿੱਧਾ ' ਜਾਂ ' ਮਲਵੱਈਆਂ ਦਾ ਗਿੱਧਾ ਵੀ ਕਿਹਾ ਜਾਂਦਾ ਹੈ ਇਸ ਵਿਚ ਨਚਾਰ ਬੋਲੀਆਂ ਪਾਉਣ ਤੋਂ ਇਲਾਵਾ ਅਲਗੋਜ਼ੇ , ਢੋਲਕ , ਚਿਮਟੇ , ਬੁਘਦੂ , ਸੀਟੀ , ਗੜਵੇ , ਫੋਟੋ ਤੇ ਬਾਲਟੀ ਆਦਿ ਨੂੰ ਵੀ ਸਾਜ਼ਾਂ ਵਜੋਂ ਵਰਤ ਲੈਂਦੇ ਹਨ। ਇਨ੍ਹਾਂ ਵਿਚ ਲੰਮੀਆਂ ਬੋਲੀਆਂ ਜ਼ਿਆਦਾ ਪਰ ਮੁਦਰਾਵਾਂ ਦੀ ਘਟ ਹੁੰਦੀ ਹੈ। ਇਹ ਲੋਕ - ਨਾਚ ਕਾਫ਼ੀ ਹਰਮਨ - ਪਿਆਰਾ ਹੋ ਰਿਹਾ ਹੈ।

ਇਨ੍ਹਾਂ ਤੋਂ ਬਿਨਾਂ ਧਮਾਲ ਵੀ ਮਰਦਾਵਾਂ ਲੋਕ - ਨਾਚ ਹੈ , ਜੋ ਅੱਜ - ਕਲ੍ਹ ਇਕ ਦੋ ਮੁਦਰਾਵਾਂ ਤਕ ਸੀਮਿਤ ਹੋ ਕੇ ਭੰਗੜੇ ਵਿਚ ਹੀ ਸ਼ਾਮਲ ਹੋ ਗਿਆ ਹੈ। ਇਨ੍ਹਾਂ ਤੋਂ ਬਿਨਾਂ ਹੇਮੜੀ , ਡੰਡਾਸ , ਅਖਾੜਾ , ਗਤਕਾ , ਪਠਾਣੀਆਂ , ਫੁੰਮਣੀਆਂ , ਭਗਤ ਨਾਚ , ਨਾਮਧਾਰੀ ਨਾਚ , ਜੰਗਮ ਨਾਚ , ਸੁਥਰਾ ਨਾਚ , ਮਰਕਤ ਨਾਚ ਤੇ ਗੁੱਗਾ ਨਾਚ ਲਗਪਗ ਅਲੋਪ ਹੀ ਹੋ ਗਏ ਹਨ।

**ਪ੍ਰਸ਼ਨ 4. ਪੰਜਾਬ ਦੇ ਲੋਕ - ਨਾਚ ਪਾਠ ਵਿਚ ਮੁੱਖ ਨਾਚਾਂ ਤੋਂ ਬਿਨਾਂ ਹੋਰ ਕਿਹੜੇ - ਕਿਹੜੇ ਨਾਚਾਂ ਦਾ ਜ਼ਿਕਰ ਆਇਆ ਹੈ ?**

**ਉੱਤਰ-** ਪੰਜਾਬ ਦੇ ਲੋਕ - ਨਾਚ ਪਾਠ ਵਿਚ ਮੁੱਖ ਨਾਚਾਂ ਤੋਂ ਬਿਨਾਂ ਹੇਠ ਲਿਖੇ ਲੋਕ - ਨਾਚਾਂ ਦਾ ਜ਼ਿਕਰ ਆਇਆ ਹੈ।

ਮਰਦਾਂ ਦੇ ਲੋਕ - ਨਾਚ - ਮਰਦਾਂ ਦਾ ਗਿੱਧਾ , ਧਮਾਲ , ਖਲੀ , ਹੇਮੜੀ , ਡੰਡਾਸ , ਅਖਾੜਾ , ਗਤਕਾ , ਪਠਾਣੀਆਂ , ਫੁੰਮਣੀਆ , ਕੁਠਤੁ ਨਾਚ , ਜੰਗਮ ਨਾਚ , ਨਾਮਧਾਰੀ ਨਾਚ , ਸੁਥਰਾ ਨਾਚ , ਮਰਕਤ ਨਾਚ ਤੇ ਗੁੱਗਾ ਨਾਚ ।

ਇਸਤਰੀਆਂ ਦੇ ਲੋਕ - ਨਾਚ - ਹੁੱਲੇ - ਹੁਲਾਰੇ , ਲੁੱਡੀ , ਧਮਾਲ , ਟਿੱਪਰੀ , ਡੰਡਾਸ , ਫਤੂਹਾ , ਮਰ ਤੇ ਸਪੇਰਾ ।

**ਪ੍ਰਸ਼ਨ 5. ਵਰਤਮਾਨ ਸਮੇਂ ਵਿਚ ਭੰਗੜੇ ਦੇ ਬਦਲਦੇ ਸਰੂਪ ਬਾਰੇ ਦੱਸੋ ।**

**ਉੱਤਰ** - ਵਰਤਮਾਨ ਸਮੇਂ ਵਿਚ ਭੰਗੜੇ ਦਾ ਸਰੂਪ ਬਦਲ ਚੁੱਕਾ ਹੈ। ਬੋਲੀਆਂ ਦੇ ਪੱਧਰ , ਮੁਦਰਾਵਾਂ ਦੇ ਸੰਚਾਰ - ਪੱਧਰ ਅਤੇ ਸਾਜੋ - ਸਮਾਨ ਆਦਿ ਪੱਖੋਂ ਕਾਫ਼ੀ ਤਬਦੀਲੀਆਂ ਆ ਚੁੱਕੀਆਂ ਹਨ। ਇਸ ਵਿਚ ਵਿਦੇਸ਼ੀ ਨਾਚਾਂ ਦੀਆਂ ਮੁਦਰਾਵਾਂ ਵੀ ਸ਼ਾਮਿਲ ਹੋ ਰਹੀਆਂ ਹਨ। ਕੁੱਝ ਉਹ ਲੋਕ - ਨਾਚ ਜਿਨ੍ਹਾਂ ਦੀ ਹੋਂਦ ਮਿਟਦੀ ਜਾ ਰਹੀ ਹੈ , ਦੀਆਂ ਮੁਦਰਾਵਾਂ ਨੂੰ ਇਸ ਦੀਆਂ ਚਾਲਾਂ ਤੇ ਮੁਦਵਾ ਦੇ ਨਾਂ ਗ੍ਰਹਿਣ ਕਰ ਚੁੱਕੀਆਂ ਹਨ। ਇਸ ਤਰ੍ਹਾਂ ਭੰਗੜੇ ਦਾ ਸਰੂਪ ਲਗਾਤਾਰ ਬਦਲ ਰਿਹਾ ਹੈ।

**ਪ੍ਰਸ਼ਨ 6. ਪੰਜਾਬ ਵਿਚ ਬਦਲ ਰਹੀਆਂ ਪਰਿਸਥਿਤੀਆਂ ਅਨੁਸਾਰ ਲੋਕ - ਨਾਚਾਂ ਵਿਚ ਆਏ ਬਦਲਾਵ ਬਾਰੇ ਜਾਣਕਾਰੀ ਦਿਓ ।**

**ਉੱਤਰ** - ਪੰਜਾਬ ਵਿਚ ਲਗਾਤਾਰ ਬਦਲ ਰਹੀਆਂ ਪ੍ਰਸਥਿਤੀਆਂ ਨੇ ਇੱਥੋਂ ਦੇ ਲੋਕ - ਨਾਚਾਂ ਵਿਚ ਬਹੁਤ ਸਾਰੀਆਂ ਤਬਦੀਲੀਆਂ ਲੈ ਆਂਦੀਆਂ ਹਨ। ਪੰਜਾਬ ਦੇ ਲੋਕ - ਨਾਚ ਪੰਜਾਬੀਆਂ ਦੇ ਸਭਿਆਚਾਰ ਕੇਂਦਰਾ , ਪਿੰਡਾ , ਪਿੜਾ , ਖੇਤਾਂ , ਬੇਲਿਆਂ ਆਦਿ ਤੋਂ ਸਟੇਜ , ਫ਼ਿਲਮਾਂ ਅਤੇ ਟੈਲੀਵਿਜ਼ਨ ਤਕ ਦੇ ਸਫ਼ਰ ਨੂੰ ਤੈਅ ਕਰ ਚੁੱਕੇ ਹਨ ਤੇ ਇਸ ਪੜਾਅ ਤੇ ਪੁੱਜ ਕੇ ਇਨ੍ਹਾਂ ਵਿਚ ਕਈ ਪ੍ਰਕਾਰ ਦੀਆਂ ਤਬਦੀਲੀਆਂ ਆ ਚੁੱਕੀਆਂ ਹਨ। ਇਹ ਤਬਦੀਲੀਆਂ ਮੁਦਰਾਵਾਂ ਦੇ ਸੰਚਾਲਨ , ਗਤੀ ਦੀ ਤੀਬਰਤਾ , ਨਵ - ਸਿਰਜਕ ਨਿੱਜੀ ਗੀਤ - ਮੁਖੀ ਬੋਲੀਆਂ , ਸਟੇਜੀ ਜ਼ਰੂਰਤ ਪੁਸ਼ਾਕ , ਹਾਰ - ਸ਼ਿੰਗਾਰ , ਸਾਜ਼ - ਸੰਗੀਤ ਅਤੇ ਵਿਸ਼ੇਸ਼ ਭਾਤ ਦੀ ਸਿਖਲਾਈ ਆਦਿ ਦੇ ਕਈ ਪੱਖਾਂ ਵਿਚੋਂ ਜ਼ਾਹਰ ਹੁੰਦੀਆਂ ਹਨ। ਕੋਈ ਵੀ ਤਬਦੀਲੀ ਆਪਣੇ ਸਭਿਆਚਾਰਕ ਇਤਿਹਾਸਿਕ ਚੌਖਟੇ ਵਿਚ ਰੱਖ ਕੇ ਉਸਾਰੂ ਕਦਰ - ਪ੍ਰਣਾਲੀ ਨੂੰ ਗ੍ਰਹਿਣ ਕਰਨ ਲਈ ਤਾਂ ਠੀਕ ਹੈ ਤੇ ਇਸ ਉਦੇਸ਼ ਲਈ ਵਿਦੇਸ਼ੀ ਪ੍ਰਭਾਵਾਂ ਤੋਂ ਬਚਣਾ ਜ਼ਰੂਰੀ ਹੈ , ਤਦ ਹੀ ਇਹ ਲੋਕ - ਨਾਚ ਪੰਜਾਬੀਆਂ ਦੇ ਸਰਬ - ਪੱਖੀ ਸਭਿਆਚਾਰਕ ਵਰਤਾਰੇ ਦਾ ਪ੍ਰਮਾਣਿਕ ਰੂਪ ਉਘਾੜਨ ਦੇ ਸਮਰੱਥ ਹੋ ਸਕਣਗੇ।

## 7. ਪੰਜਾਬੀ ਨਕਲਾਂ - ਸ੍ਰੀ ਪਿਆਰਾ ਸਿੰਘ ਖੁੰਡਾ

**ਪ੍ਰਸ਼ਨ 1. ਪੰਜਾਬੀ ਨਕਲਾਂ ਤੋਂ ਕੀ ਭਾਵ ਹੈ ?**

**ਉੱਤਰ** - ਪੰਜਾਬੀ ਨਕਲਾਂ ਤੋਂ ਭਾਵ ਪੰਜਾਬੀ ਜੀਵਨ ਵਿਚ ਸਾਂਗ , ਰੀਸ ਜਾਂ ਕਿਸੇ ਹੋਰ ਵਾਂਗ ਕਰਨ ਦੀ ਕਿਰਿਆ ਹੈ ।ਇਸ ਵਿਚ ਕਿਸੇ ਮਨੁੱਖ , ਜਾਤੀ , ਪਸ਼ੂ ਜਾਂ ਚੀਜ਼ ਸੰਬੰਧੀ ਕਹਾਣੀ ਨੂੰ ਪੇਸ਼ਾਵਰ ਨਕਲੀਆਂ ਦੁਆਰਾ ਚਮੋਟਾ ਰੰਗ - ਸ਼ੈਲੀ ਵਿਚ ਭੇਸ ਧਾਰੇ ਬਗੈਰ ਵਿਅੰਗਮਈ ਵਾਰਤਾਲਾਪ ਰਾਹੀਂ ਪਿੜ ਵਿਚ ਪੇਸ਼ ਕੀਤਾ ਜਾਂਦਾ ਹੈ । ਨਕਲਾਂ ਚੁਸਤ ਵਾਰਤਾਲਾਪ , ਹਾਜ਼ਰ ਜਵਾਬੀ , ਵਿਅੰਗ , ਨਾਟਕੀ ਮੌਕੇ ਸਿਰਜਣ ਦੀ ਸਮਰੱਥਾ ਕਾਰਨ ਸਜੀਵ ਨਾਟਕੀ ਪੇਸ਼ਕਾਰੀ ਦਾ ਪ੍ਰਤੀਨਿਧ ਨਮੂਨਾ ਹਨ ।

**ਪ੍ਰਸ਼ਨ 2. ਪੰਜਾਬੀ ਨਕਲਾਂ ਦੀਆਂ ਵਿਸ਼ੇ ਪੱਖੋਂ ਕਿਸਮਾਂ ਬਾਰੇ ਤੁਸੀਂ ਕੀ ਜਾਣਦੇ ਹੋ ?**

**ਉੱਤਰ** - ਵਿਸ਼ੇ ਪੱਖੋਂ ਪੰਜਾਬੀ ਨਕਲਾਂ ਦੀਆਂ ਕਿਸਮਾਂ ਹੇਠ ਲਿਖੀਆਂ ਹਨ - ਜਨਮ ਨਾਲ ਸੰਬੰਧਿਤ ਨਕਲਾਂ , ਵਿਆਹ ਨਾਲ ਸੰਬੰਧਿਤ ਨਕਲਾਂ , ਹੂ - ਬ - ਹੂ ਸਾਂਗਾਂ ਨਾਲ ਸੰਬੰਧਿਤ ਨਕਲਾਂ ,ਕਿੱਤਿਆਂ ਤੇ ਵਿਸ਼ੇਸ਼ ਵਿਅਕਤੀਆਂ ਨਾਲ ਸੰਬੰਧਿਤ ਨਕਲਾਂ ।

**ਪ੍ਰਸ਼ਨ 3. ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ - ਕਿਹੜੀਆਂ ਕਿਸਮਾਂ ਹਨ ?**

**ਉੱਤਰ** - ਪੇਸ਼ਕਾਰੀ ਦੇ ਪੱਖੋਂ ਨਕਲਾਂ ਦੋ ਕਿਸਮਾਂ ਦੀਆਂ ਹਨ - ਨਿੱਕੀਆਂ ਨਕਲਾਂ ਤੇ ਲੰਮੀਆਂ ਨਕਲਾਂ । ਨਿੱਕੀਆਂ ਨਕਲਾਂ ਵਿੱਚ ਕੇਵਲ ਦੋ ਹੀ ਕਲਾਕਾਰ ਹੁੰਦੇ ਹਨ , ਜਿਨ੍ਹਾਂ ਵਿਚੋਂ ਇਕ ਦੇ ਹੱਥ ਵਿਚ ਚਮੋਟਾ ਹੁੰਦਾ ਹੈ ਤੇ ਦੂਜੇ ਦੇ ਹੱਥ ਵਿਚ ਤਬਲਾ I ਜਦੋਂ ਤਬਲੇ ਵਾਲਾ ਕੋਈ ਬੇਤੁਕੀ ਗੱਲ ਕਰਦਾ ਹੈ , ਤਾਂ ਚਮੋਟੇ ਵਾਲਾ ਉਸ ਦੇ ਚਮੋਟਾ ਧਰਦਾ ਹੈ , ਜਿਸ ਨਾਲ ਹਾਸਾ ਪੈਦਾ ਹੁੰਦਾ ਹੈ । ਇਸ ਵਿਚ ਪੰਜ ਤੋਂ ਦਸ ਮਿੰਟ ਦੀ ਝਾਕੀ ਵਿਚ ਇਕ ਹਾਸ - ਰਸੀ ਸਿਖ਼ਰ ਉਸਾਰਿਆ ਜਾਂਦਾ ਹੈ । ਇਸਦਾ ਆਰੰਭ ਸਧਾਰਨ ਗੱਲ - ਬਾਤ ਨਾਲ ਹੁੰਦਾ ਹੈ , ਮੱਧ ਵਿਚ ਲਟਕਾਓ ਹੁੰਦਾ ਹੈ ਤੇ ਅੰਤ ਬੰਬ ਵਾਂਗ ਫਟਦਾ ਹੈ ।

ਲੰਮੀਆਂ ਨਕਲਾਂ ਵਿਚ 10-15 ਪਾਤਰ ਹਿੱਸਾ ਲੈਂਦੇ ਹਨ , ਪਰ ਇਸ ਵਿਚ ਮਹੱਤਵਪੂਰਨ ਪਾਤਰ ਦੋ ਹੀ ਹੁੰਦੇ ਹਨ । ਬਾਕੀ ਪਾਤਰਾਂ ਵਿਚੋਂ ਕਈ ਤੀਵੀਆਂ ਬਣਦੇ ਹਨ । ਇਸ ਵਿਚ ਘਟਨਾ ਪ੍ਰਧਾਨ ਕਹਾਣੀ ਨੂੰ ਵੱਖ - ਵੱਖ ਝਾਕੀਆਂ ਵਿਚ ਤਿੰਨ ਕੁ ਘੰਟਿਆਂ ਦੇ ਸਮੇਂ ਵਿਚ ਪੇਸ਼ ਕੀਤਾ ਜਾਂਦਾ ਹੈ । ਇਸ ਵਿਚ ਥਾਂ - ਥਾਂ ਹਾਸ - ਰਸੀ ਮੌਕੇ ਪੈਦਾ ਕੀਤੇ ਜਾਂਦੇ ਹਨ । ਇਸ ਦੇ ਦੋ ਮਹੱਤਵਪੂਰਨ ਪਾਤਰਾਂ ਵਿਚੋਂ ਇਕ ਦਾ ਨਾਂ ਰੰਗਾ ਹੁੰਦਾ ਤੇ ਦੂਜੇ ਦਾ ਨਾਂ ਬਿਗਲਾ । ਰੰਗੇ ਦੇ ਹੱਥ ਵਿਚ ਚਮੋਟਾ ਹੁੰਦਾ ਹੈ , ਪਰ ਬਿਗਲਾ ਮਖ਼ੌਲੀਆ ਪਾਤਰ ਹੁੰਦਾ ਹੈ । ਰੰਗਾ ਸ਼ਬਦਾਂ ਦਾ ਮਹੱਲ ਉਸਾਰਦਾ ਹੈ ਪਰ ਬਿਗਲਾ ਲੱਤ ਮਾਰ ਕੇ ਢਾਹ ਦਿੰਦਾ ਹੈ।

**ਪ੍ਰਸ਼ਨ 4. ' ਨਕਲਾਂ ਵਿਚ ਦਰਸ਼ਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ I ਦੱਸੋ ਕਿਵੇਂ ?**

**ਉੱਤਰ** - ਜਦੋਂ ਨਕਲੀਏ ਪਿੜ ਲਾਉਂਦੇ ਹਨ , ਤਾਂ ਦਰਸ਼ਕ ਉਨ੍ਹਾਂ ਦੁਆਲੇ ਜੁੜ ਜਾਂਦੇ ਹਨ । ਨਕਲੀਏ ਦੀ ਸੰਬੋਧਨੀ ਸ਼ੈਲੀ ਬਹੁ - ਪਸਾਰੀ ਹੁੰਦੀ ਹੈ । ਉਹ ਇੱਕੋ ਵੇਲੇ ਦਰਸ਼ਕਾਂ ਨੂੰ ਵੀ ਸੰਬੋਧਿਤ ਹੁੰਦਾ ਹੈ ਤੇ ਆਪਣੇ ਸਾਥੀਆਂ ਨੂੰ ਵੀ । ਇਸੇ ਕਰਕੇ ਦਰਸ਼ਕਾਂ ਦੀ ਮਾਨਸਿਕ ਹੀ ਨਹੀਂ , ਸਗੋਂ ਸਰੀਰਕ ਹਾਜ਼ਰੀ ਵੀ ਹੁੰਦੀ ਹੈ । ਮੌਕੇ ਅਨੁਸਾਰ ਦਰਸ਼ਕਾਂ ਵਿੱਚੋਂ ਬੱਚਾ ਚੁੱਕ ਲੈਣਾ , ਕਿਸੇ ਨਿੱਕੇ ਮੁੰਡੇ ਦੁਆਰਾ ਮਖੌਲ ਸਿਰਜਣਾ , ਜਵਾਨ ਵਲ ਇਸ਼ਾਰਾ ਕਰਨਾ ਆਮ ਵਿਧੀ ਹੈ । ਨਕਲੀਏ ਦੀ ਦਰਸ਼ਕਾਂ ਨਾਲ ਛੇੜ - ਛਾੜ ਹਾਸਾ ਪੈਦਾ ਕਰਦੀ ਹੈ । ਨਕਲਾਂ ਵਿਚ ਦਰਸ਼ਕ ਨਕਲੀਆਂ ਨੂੰ ਪੈਸੇ ਦੇ ਕੇ ਉਨ੍ਹਾਂ ਦਾ ਹੌਸਲਾ ਵਧਾਉਂਦੇ ਹਨ ।

**ਪ੍ਰਸ਼ਨ 5. ਮੰਚ ਦੇ ਪੱਖ ਤੋਂ ਨਕਲਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?**

**ਉੱਤਰ** - ਮੰਚ ਦੇ ਪੱਖ ਤੋਂ ਨਕਲਾਂ ਸਮੂਹਿਕ ਤੇ ਖੁੱਲ੍ਹੇ ਚਰਿੱਤਰ ਦੀਆਂ ਧਾਰਨੀ ਹਨ । ਇਨ੍ਹਾਂ ਦੀ ਪੇਸ਼ਕਾਰੀ ਖੁੱਲ੍ਹੇ ਅਖਾੜੇ ਵਿੱਚ ਲੋਕਾਂ ਲਈ ਹੁੰਦੀ ਹੈ , ਜਿਸ ਵਿਚ ਸਿਰਫ਼ ਸੰਕੇਤਕ ਤੇ ਲੋੜੀਂਦੀ ਸਾਮਗਰੀ ਹੀ ਵਰਤੀ ਜਾਂਦੀ ਹੈ , ਜਿਵੇਂ ਚਮੋਟਾ ਤੇ ਛੋਟਾ ਤਬਲਾ , ਬਾਕੀ ਕੰਮ ਇਸ਼ਾਰਿਆਂ ਨਾਲ ਹੀ ਸਾਰ ਲਿਆ ਜਾਂਦਾ ਹੈ । ਇੱਕੋ ਆਦਮੀ ਬਿਨਾਂ ਕੱਪੜੇ ਬਦਲਿਆਂ ਸਿਰ ' ਤੇ ਸਾਫ਼ਾ ਰੱਖ ਕੇ ਕੁੜੀ ਬਣ ਜਾਂਦਾ ਹੈ ਤੇ ਫਿਰ ਉਹੀ ਸਾਫ਼ਾ ਸਿਰ ' ਤੇ ਬੰਨ੍ਹ ਕੇ ਪਿਓ ਜਾਂ ਵਿਚੋਲਾ ਬਣ ਜਾਂਦਾ ਹੈ । ਇਕ ਵਾਰੀ ਬੋਲਣ ਨਾਲ ਹੀ ਦ੍ਰਿਸ਼ ਬਦਲ ਜਾਂਦਾ ਹੈ ਤੇ ਦਰਸ਼ਕ ਇਸ ਨੂੰ ਸਹਿਜ ਨਾਲ ਹੀ ਸਮਝ ਲੈਂਦੇ ਹਨ | ਅਦਾਕਾਰ ਆਪਣੀ ਕਲਾ ਦੇ ਜੌਹਰ ਦਿਖਾ ਕੇ ਦਰਸ਼ਕਾਂ ਨੂੰ ਕੀਲ ਲੈਂਦੇ ਹਨ , ਨਾ ਕਿ ਰੌਸ਼ਨੀਆਂ ਤੇ ਬਣਾਵਟੀ ਤਕਨੀਕਾਂ ਨਾਲ ।

**ਪ੍ਰਸ਼ਨ 6. ਨਕਲਾਂ ਖੇਡਣ ਲਈ ਕਿਹੋ ਜਿਹੇ ਪਿੜ ਦੀ ਵਰਤੋਂ ਕੀਤੀ ਜਾਂਦੀ ਹੈ ?**

**ਉੱਤਰ** - ਨਕਲਾਂ ਨੂੰ ਖੇਡਣ ਲਈ ਤਿੰਨ ਪ੍ਰਕਾਰ ਦਾ ਪਿੜ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਘੱਗਰੀ , ਤੀਰ - ਕਮਾਨੀ ਅਤੇ ਦਰੱਖ਼ਤ ਵਾਲਾ ਥੜ੍ਹਾ। ਜਦੋਂ ਨਕਲੀਏ ਇਕ ਥਾਂ ਖੜੇ ਹੋ ਕੇ ਨਕਲਾਂ ਕਰਨ ਤੇ ਦਰਸ਼ਕ ਉਨ੍ਹਾਂ ਦੁਆਲੇ ਗੋਲ - ਦਾਇਰੇ ਵਿਚ ਖੜੇ ਹੋਣ , ਤਾਂ ਇਸ ਨੂੰ ' ਘੱਗਰੀ ਪਿੜ ' ਕਿਹਾ ਜਾਂਦਾ ਹੈ। ਜਦੋਂ ਪਿਛਲੇ ਪਾਸੇ ਕਿਸੇ ਦੀਵਾਰ ਜਾਂ ਮਕਾਨ ਦਾ ਸਹਾਰਾ ਹੋਵੇ ਤੇ ਪਿਛਲੇ ਪਾਸੇ ਕੋਈ ਦਰਸ਼ਕ ਨਾ ਆ ਸਕੇ , ਤਾਂ ਇਸ ਨੂੰ ' ਤੀਰ - ਕਮਾਨੀ ਪਿੜ ' ਕਹਿੰਦੇ ਹਨ। ਜਦੋਂ ਕਦੇ ਦਰੱਖ਼ਤ ਹੇਠ ਬਣੇ ਥੜੇ ਉੱਤੇ ਨਕਲਾਂ ਕੀਤੀਆਂ ਜਾਣ , ਤਾਂ ਇਸ ਨੂੰ ' ਦਰੱਖ਼ਤ ਹੇਠਲਾ ਪਿੜ ' ਕਿਹਾ ਜਾਂਦਾ ਹੈ , ਜਿੱਥੇ ਲੋਕ ਥੜੇ ਤੋਂ ਹੇਠ ਖੜ੍ਹੇ ਹੋ ਕੇ ਨਕਲਾਂ ਦੇਖਦੇ ਹਨ।

**ਪ੍ਰਸ਼ਨ 1. ਪੰਜਾਬੀ ਸਭਿਆਚਾਰ ਵਿਚ ਨਕਲਾਂ ਦਾ ਕੀ ਮਹੱਤਵ ਹੈ ?**

**ਉੱਤਰ** - ਬੇਸ਼ਕ ਵਰਤਮਾਨ ਕਾਲ ਵਿਚ ਤਕਨਾਲੋਜੀ ਕਰਕੇ ਮਨੋਰੰਜਨ ਦੇ ਸਾਧਨ ਦਿਨੋ - ਦਿਨ ਵਧ ਰਹੇ ਹਨ , ਪਰ ਫਿਰ ਵੀ ਪੰਜਾਬੀ ਸਭਿਆਚਾਰ ਵਿਚ ਨਕਲਾਂ ਦਾ ਆਪਣਾ ਮਹੱਤਵ ਹੈ। ਅੱਜ ਵੀ ਜਦੋਂ ਕਿਤੇ ਨਕਲਾਂ ਹੁੰਦੀਆਂ ਹਨ , ਤਾਂ ਲੋਕ ਬੜੀ ਬੇਸਬਰੀ ਨਾਲ ਇਨ੍ਹਾਂ ਨੂੰ ਦੇਖਣ ਜਾਂਦੇ ਹਨ।

## 8. ਪੰਜਾਬੀ ਸਭਿਆਚਾਰਕ ਪਰਿਵਰਤਨ - ਡਾ. ਰਜਿੰਦਰਪਾਲ ਸਿੰਘ ਬਰਾੜ

**ਪ੍ਰਸ਼ਨ 1. ਪੰਜਾਬੀ ਸਭਿਆਚਾਰਕ ਪਰਿਵਰਤਨ ਕੀ ਹੈ ? ਸੰਖੇਪ ਵਿਚ ਲਿਖੋ ?**

**ਉੱਤਰ** - ਪੰਜਾਬੀ ਸਭਿਆਚਾਰਕ ਪਰਿਵਰਤਨ ਤੋਂ ਭਾਵ ਪੰਜਾਬੀ ਜੀਵਨ - ਜਾਚ ਵਿਚ ਆ ਰਹੀ ਤਬਦੀਲੀ ਹੈ। ਬੇਸ਼ਕ ਪੰਜਾਬੀ ਸਭਿਆਚਾਰ ਕਦੇ ਵੀ ਜੜ੍ਹ ਵਸਤੂ ਨਹੀਂ ਰਿਹਾ ਤੇ ਬੀਤੀਆਂ ਸਦੀਆਂ ਵਿਚ ਇਸ ਵਿਚ ਸਭਿਆਚਾਰਾਂ ਦੇ ਮੇਲ ਤੇ ਰਾਜਸੀ ਕਾਰਨਾਂ ਕਰਕੇ ਤਬਦੀਲੀਆਂ ਆਉਂਦੀਆਂ ਰਹੀਆਂ ਹਨ , ਪਰੰਤੂ ਬੀਤੇ ਕੁੱਝ ਸਮੇਂ , ਖ਼ਾਸ ਕਰ ਆਜ਼ਾਦੀ ਮਿਲਣ ਪਿੱਛੋਂ ਇਸਦੀ ਹੋਈ ਵੰਡ , ਵਿਗਿਆਨਿਕ ਕਾਂਢਾ ਦੇ ਪ੍ਰਵੇਸ਼ , ਆਵਾਜਾਈ ਤੇ ਸੰਚਾਰ ਦੇ ਤੇਜ਼ ਸਾਧਨਾਂ ਦੀ ਵਰਤੋਂ ਅਤੇ ਵਿਸ਼ਵੀਕਰਨ ਦੇ ਸਿੱਟੇ ਵਜੋਂ ਦੁਨੀਆਂ ਦੇ ਇਕ ਪਿੰਡ ਬਣ ਜਾਣ ਨਾਲ ਇਸਦੇ ਰਹਿਣ - ਸਹਿਣ , ਰਸਮਾਂ - ਰਿਵਾਜ਼ਾਂ , ਕੰਮਾਂ - ਕਾਰਾਂ , ਖਾਣ - ਪੀਣ , ਪਹਿਰਾਵੇ , ਪਰਿਵਾਰਿਕ ਬਣਤਰ , ਤਰਜੀਹਾਂ ਤੇ ਰੁਚੀਆਂ ਵਿਚ ਭਾਰੀ ਤਬਦੀਲੀ ਪੈਦਾ ਹੋ ਰਹੀ ਹੈ , ਫਲਸਰੂਪ ਅਸੀਂ ਪੰਜਾਬੀ ਸਭਿਆਚਾਰ ਵਿਚ ਲਗਾਤਾਰ ਪਰਿਵਰਤਨ ਦੇਖ ਰਹੇ ਹਾਂ , ਜਿਸਦੇ ਸਿੱਟੇ ਨਕਾਰਾਤਮਕ ਵੀ ਹਨ ਤੇ ਸਕਾਰਾਤਮਕ ਵੀ।

**ਪ੍ਰਸ਼ਨ 2. ' ਪੰਜਾਬੀ ਸਭਿਆਚਾਰਕ ਪਰਿਵਰਤਨ ' ਪਾਠ ਦੇ ਆਧਾਰ ' ਤੇ ਦੱਸੋ ਕਿ ਪੰਜਾਬੀ ਸਭਿਆਚਾਰ ਵਿਚ ਪਹਿਰਾਵੇ ਦੇ ਨਾਲ - ਨਾਲ ਵਿਚਾਰਾਂ ਵਿਚ ਵੀ ਤਬਦੀਲੀ ਆਈ ਹੈ | ਦੱਸੋ ਕਿਵੇਂ ?**

**ਉੱਤਰ** - ਅੱਜ ਜਦੋਂ ਪੰਜਾਬੀ ਸਭਿਆਚਾਰ ਵਿਚ ਕੁੜੀਆਂ ਦੇ ਪਹਿਰਾਵੇ ਵਿਚ ਖ਼ਾਸ ਤੌਰ ' ਤੇ ਤਬਦੀਲੀ ਆਈ ਹੈ , ਤਾਂ ਬਿਨਾਂ ਸ਼ੱਕ ਕੇਵਲ ਪਹਿਰਾਵੇ ਦੀ ਤਬਦੀਲੀ ਹੀ ਨਹੀਂ , ਸਗੋਂ ਵਿਚਾਰਾਂ ਦੀ ਤਬਦੀਲੀ ਹੈ। ਅੱਜ ਦੀ ਔਰਤ ਆਪਣੇ ਆਪ ਨੂੰ ਕਿਸੇ ਤਰ੍ਹਾਂ ਵੀ ਮਰਦ ਤੋਂ ਘੱਟ ਨਹੀਂ ਸਮਝਦੀ ਤੇ ਉਸ ਵਿਚੋਂ ਪਹਿਲਾਂ ਵਾਲੀ ਅਧੀਨਗੀ ਦੀ ਭਾਵਨਾ ਲਗਪਗ ਖ਼ਤਮ ਹੋ ਗਈ ਹੈ। ਉਹ ਘਰ ਦੀ ਚਾਰ - ਦੀਵਾਰੀ ਤੋਂ ਨਿਕਲ ਕੇ ਪੜ੍ਹਨ - ਲਿਖਣ ਤੇ ਨੌਕਰੀ ਕਰਨ ਲੱਗੀ ਹੈ। ਇਸੇ ਕਰਕੇ ਉਸਨੇ ਘੁੰਡ ਦਾ ਤਿਆਗ ਕਰ ਦਿੱਤਾ। ਹੌਲੀ - ਹੌਲੀ ਉਹ ਰਵਾਇਤੀ ਪੰਜਾਬੀ ਪਹਿਰਾਵਾ , ਘੱਗਰਾ , ਕੁੜਤੀ ਤੇ ਚਾਦਰ ਦੀ ਥਾਂ ਸਲਵਾਰ - ਕਮੀਜ਼ ਤੇ ਚੁੰਨੀ ਪਹਿਨਣ ਲੱਗੀ। ਫਿਰ ਪੱਛਮੀ ਪ੍ਰਭਾਵਾਂ ਹੇਠ ਉਸਨੇ ਜੀਨ - ਟੌਪ ਤੇ ਸਕਰਟ ਪਹਿਨਣੀ ਆਰੰਭ ਕਰ ਦਿੱਤੀ ਤੇ ਕਈ ਵਾਰ ਉਹ ਘਰਾਂ ਵਿਚ ਸੌਖੇ ਰਹਿਣ ਲਈ ਕੈਪਰੀ , ਹਾਫ਼- ਪੈਂਟ ,ਬਰਮੂੰਡਾ ਜਾਂ ਸਕਰਟ ਵੀ ਪਹਿਨਦੀ ਹੈ। ਅੱਜ ਦੀ ਵਿਆਹੀ ਕੁੜੀ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਸਹੁਰੇ ਜਾ ਕੇ ਉਹ ਘੁੰਡ ਕੱਢ ਕੇ ਰਹੇ , ਸਗੋਂ ਉਹ ਖੁੱਲ੍ਹ-ਡੁੱਲ੍ਹ ਵਿਚ ਵਿਚਰਨਾ ਪਸੰਦ ਕਰਦੀ ਹੈ। ਅਜੋਕਾ ਮਰਦ ਇਹ ਸਭ ਕੁੱਝ ਪਰਵਾਨ ਕਰ ਰਿਹਾ ਹੈ। ਇਸ ਪ੍ਰਕਾਰ ਪੰਜਾਬੀ ਸਭਿਆਚਾਰ ਵਿਚ ਪਹਿਰਾਵੇ ਦੇ ਨਾਲ - ਨਾਲ ਵਿਚਾਰਾਂ ਵਿਚ ਵੀ ਤਬਦੀਲੀ ਆਈ ਹੈ।

**ਪ੍ਰਸ਼ਨ 3. ਪੰਜਾਬੀ ਸਭਿਆਚਾਰ ਦੇ ਰਾਬਾਇਤੀ ਖਾਣੇ ਨੂੰ ਕਿਉਂ ਤਰਜੀਹ ਦੇਣੀ ਚਾਹੀਦੀ ਹੈ ?**

**ਉੱਤਰ** - ਸਾਨੂੰ ਅਜੋਕੇ ਵਿਸ਼ਵੀਕਰਨ ਤੇ ਮੰਡੀ ਸਭਿਆਚਾਰ ਦੁਆਰਾ ਪ੍ਰਚਲਿਤ ਕੀਤੇ ਖਾਣਿਆਂ ਪੀਜੇ , ਬਰਗਰ , ਹੋਟ - ਡੱਗ , ਚਾਕਲੇਟ , ਟਾਫ਼ੀਆਂ ਤੇ ਕੋਲਡ ਡਰਿੰਕਸ ਦੀ ਥਾਂ ਆਪਣੇ ਰਵਾਇਤੀ ਖਾਣਿਆਂ ਦਾਲ , ਸਬਜ਼ੀ , ਸਾਗ , ਰੋਟੀ , ਖੀਰ , ਕੜਾਹ , ਮਿੱਠੇ ਚੋਲ , ਲੱਡੂ ਜਲੇਬੀ , ਸ਼ਕਰਪਾਰੇ , ਲੱਸੀ , ਸ਼ਕੰਜਵੀ , ਸ਼ਰਬਤ , ਠੰਢਿਆਈ ਤੇ ਸੱਤੂ ਆਦਿ ਨੂੰ ਹੀ ਤਰਜੀਹ ਦੇਣੀ ਚਾਹੀਦੀ ਹੈ , ਕਿਉਂਕਿ ਹਰ ਇਲਾਕੇ ਵਿਚ ਪੈਦਾ ਹੋਣ ਵਾਲੀ ਖਾਧ - ਖ਼ੁਰਾਕ ਅਤੇ ਉਸਨੂੰ ਬਣਾਉਣ ਦਾ ਢੰਗ ਉੱਥੋਂ ਦੇ ਵਾਤਾਵਰਨ ਅਨੁਸਾਰ ਢਲਿਆ ਹੁੰਦਾ ਹੈ ਤੇ ਇਨ੍ਹਾਂ ਰਵਾਇਤੀ ਖਾਣਿਆਂ ਵਿਚ ਖ਼ੁਰਾਕੀ ਤੱਤ ਸਾਡੇ ਸਰੀਰ ਦੇ ਅਨੁਕੂਲ , ਚੰਗੇ ਤੇ ਸਸਤੇ ਹੁੰਦੇ ਹਨ , ਜਦਕਿ ਨਵੇਂ ਵਿਦੇਸ਼ੀ ਖਾਣੇ ਸਾਡੀ ਸਿਹਤ ਲਈ ਮਾੜੇ ਵੀ ਹਨ ਤੇ ਮਹਿੰਗੇ ਵੀ। ਸਾਡੇ ਰਵਾਇਤੀ ਖਾਣੇ ਸਾਡੇ ਘਰਾਂ ਵਿਚ ਜਾਂ ਘਰਾਂ ਦੇ ਨੇੜੇ ਬਣੇ ਹੋਣ ਕਰਕੇ ਤਾਜ਼ੇ ਵੀ ਹੁੰਦੇ ਹਨ , ਜਦ ਕਿ ਨਵੇਂ ਖਾਣੇ ਡੱਬਾ ਬੰਦ ਹੋਣ ਕਰਕੇ ਬੇਹੇ ਵੀ ਹੁੰਦੇ ਹਨ ਤੇ ਉਨ੍ਹਾਂ ਦੀ ਸੰਭਾਲ ਲਈ ਉਨ੍ਹਾਂ ਵਿਚ ਅਜਿਹੇ ਤੱਤ ਮਿਲਾਏ ਹੁੰਦੇ ਹਨ , ਜੋ ਮਨੁੱਖੀ ਸਿਹਤ ਲਈ ਚੰਗੇ ਨਹੀਂ ਹੁੰਦੇ। ਇਸ ਕਰਕੇ ਸਾਨੂੰ ਨਵੇਂ ਵਿਦੇਸ਼ੀ ਖਾਣਿਆਂ ਦੀ ਥਾਂ ਰਵਾਇਤੀ ਖਾਣਿਆਂ ਨੂੰ ਹੀ ਤਰਜੀਹ ਦੇਣੀ ਚਾਹੀਦੀ ਹੈ।

**ਪ੍ਰਸ਼ਨ 4. ਪੰਜਾਬੀ ਸਭਿਆਚਾਰ ਵਿਚ ਪਿਛਲੇ ਕੁੱਝ ਦਹਾਕਿਆਂ ਤੋਂ ਖਾਣ - ਪੀਣ ਵਿਚ ਆਈ ਤਬਦੀਲੀ ਬਾਰੇ ਚਾਨਣਾ ਪਾਓ।**

**ਉੱਤਰ** - ਪੰਜਾਬੀ ਸਭਿਆਚਾਰ ਵਿਚ ਪਿਛਲੇ ਕੁੱਝ ਦਹਾਕਿਆਂ ਤੋਂ ਖਾਣ - ਪੀਣ ਵਿਚ ਬਹੁਤ ਤਬਦੀਲੀ ਆਈ ਹੈ। ਲੋਕ ਰਵਾਇਤੀ ਖਾਣਿਆਂ ਦਾਲ , ਸਬਜ਼ੀ , ਸਾਗ , ਰੋਟੀ , ਖੀਰ , ਕੜਾਹ , ਮਿੱਠੇ ਚੌਲ , ਲੱਡੂ , ਜਲੇਬੀਆਂ , ਸ਼ਕਰਪਾਰੇ , ਲੱਸੀ , ਸ਼ਕੰਜਵੀ , ਸ਼ਰਬਤ , ਠੰਢਿਆਈ ਤੇ ਸੱਤੂ ਆਦਿ ਦੀ ਤਾਂ ਪੀਜੇ , ਬਰਗਰ , ਹੋਟ - ਡੱਗ , ਚਾਕਲੇਟ , ਟਾਫ਼ੀਆਂ ਤੇ ਕੋਲਡ ਡਰਿੰਕਸ ਦੀ ਵਰਤੋਂ ਵਧੇਰੇ ਕਰਨ ਲੱਗੇ ਹਨ। ਬੇਸ਼ਕ ਸਭਿਆਚਾਰਾਂ ਦੇ ਮੇਲ ਨਾਲ ਲੋਕਾਂ ਦੇ ਖਾਣੇ ਸਾਂਝੇ ਹੁੰਦੇ

ਰਹਿੰਦੇ ਹਨ , ਪਰੰਤੂ ਸਾਡੇ ਆਪਣੇ ਆਲੇ - ਦੁਆਲੇ ਵਿਚ ਪੈਦਾ ਹੋਏ ਪਦਾਰਥਾਂ ਤੇ ਘਰਾਂ ਵਿਚ ਜਾਂ ਘਰਾਂ ਦੇ ਨੇੜੇ ਬਣੇ ਖਾਣਿਆਂ ਨੂੰ ਛੱਡ ਕੇ ਜੰਕ ਫੂਡ ਤੇ ਡੱਬਾ - ਬੰਦ ਖਾਣਿਆਂ ਵਲ ਰੁਚਿਤ ਹੋਣਾ ਸਿਹਤਮੰਦੀ ਦੀ ਨਿਸ਼ਾਨੀ ਨਹੀਂ । ਰਹਿੰਦੀ ਕਸਰ ਸ਼ਰਾਬ ਦੀ ਬਹੁਤੀ ਵਰਤੋਂ ਤੇ ਨਸ਼ਿਆਂ ਨੇ ਪੂਰੀ ਕਰ ਦਿੱਤੀ ਹੈ ।

**ਪ੍ਰਸ਼ਨ -5 ' ਪੰਜਾਬੀ ਸਭਿਆਚਾਰਕ ਪਰਿਵਰਤਨ ' ਪਾਠ ਅਨੁਸਾਰ ਦੋ ਰੁਝਾਨਾਂ ਨੇ ਰਵਾਇਤੀ ਪੰਜਾਬੀ ਸਭਿਆਚਾਰ ਨੂੰ ਢਾਹ ਲਾਈ ਹੈ । ਇਸ ਬਾਰੇ ਉਦਾਹਰਨਾਂ ਸਹਿਤ ਚਾਨਣਾ ਪਾਓ ।**

**ਉੱਤਰ** - ਬੀਤੇ ਸਮੇਂ ਵਿਚ ਪੰਜਾਬੀ ਸਭਿਆਚਾਰ ਨੂੰ ਢਾਹ ਲਾਉਣ ਵਾਲੇ ਦੋ ਵੱਡੇ ਰੁਝਾਨਾਂ ਵਿਚੋਂ ਇਕ ਤਾਂ ਪਿੰਡਾਂ ਦੀ ਥਾਂ ਸ਼ਹਿਰਾਂ ਵਿਚ ਵਸਣ ਦਾ ਰੁਝਾਨ ਹੈ , ਦੂਸਰਾ ਵੱਡਾ ਰੁਝਾਨ , ਵੱਡੇ ਸਾਂਝੇ ਪਰਿਵਾਰਾਂ ਦੀ ਥਾਂ ਛੋਟੇ ਜੋੜਾ - ਪਰਿਵਾਰਾਂ ਦਾ ਵਧਣਾ ਹੈ । ਇਨ੍ਹਾਂ ਕਰਕੇ ਸਾਡੇ ਬਹੁਤ ਸਾਰੇ ਤਿਉਹਾਰ , ਜਿਵੇਂ ਤੀਆਂ ,ਲੋਹੜੀ ਤੇ ਵਿਸਾਖੀ ਇਸ ਹੱਦ ਬਦਲ ਗਏ ਹਨ ਕਿ ਇਹ ਹੁਣ ਪੰਜਾਬੀ ਤਿਉਹਾਰ ਹੀ ਨਹੀਂ ਲਗਦੇ । ਮਿਸਾਲ ਵਜੋਂ ਪਿੰਡਾਂ ਵਿਚ ਸਾਉਣ ਮਹੀਨੇ ਪੂਰਾ ਪੰਦਰਵਾਣਾ ਲੱਗਣ ਵਾਲੀਆਂ ਤੀਆਂ । ਵਿਆਹੀਆਂ ਕੁੜੀਆਂ ਦੇ ਮੁੜ ਮਿਲਣ ਦਾ ਸਾਧਨ ਤੇ ਨਵੀਆਂ ਕੁੜੀਆਂ ਲਈ ਗਿੱਧਾ ਸਿੱਖਣ ਦੀ ਵਰਕਸ਼ਾਪ ਸੀ , ਪਰੰਤੂ ਅੱਜ ਕਲੱਬਾਂ ' ਤੇ ਦਫ਼ਤਰਾਂ ਵਿਚ ਲੱਗਣ ਵਾਲੀਆਂ ਤੀਆਂ ਤੇ ਹੋਰ , ਤਿਉਹਾਰ ਆਧੁਨਿਕ ਖਪਤਕਾਰੀ ਯੁਗ ਵਿਚ ਚਾਪਲੂਸੀ ਦੇ ਸਾਧਨ ਬਣ ਕੇ ਰਹਿ ਗਏ ਹਨ । ਨੌਕਰੀ ਪੇਸ਼ਾ ਸਮਾਜ ਦੇ ਵਿਕਸਿਤ ਹੋਣ ਨਾਲ ਪਰਿਵਾਰ ਛੋਟੇ ਹੋਣ ਲੱਗੇ ਹਨ । ਇਨ੍ਹਾਂ ਆਧੁਨਿਕ ਜੋੜਾ ਪਰਿਵਾਰਾਂ ਵਿਚ ਸੰਯੁਕਤ ਪਰਿਵਾਰਾਂ ਵਿਚ ਨਾ ਮਿਲਣ ਵਾਲੀ ਵਿਅਕਤੀਗਤ ਅਜ਼ਾਦੀ ਤਾਂ ਹੈ , ਪਰ ਦੁੱਖ - ਸੁਖ ਦੀ ਸਾਂਝ ਨਾਮ - ਮਾਤਰ ਹੀ ਹੈ । ਨਵੀਂ ਪੀੜੀ ਨੇ ਆਪਣੇ ਸਭਿਆਚਾਰਕ ਸੰਸਕਾਰ ਪੁਰਾਣੀ ਪੀੜ੍ਹੀ ਤੋਂ ਹੀ ਪ੍ਰਾਪਤ ਕਰਨੇ ਹੁੰਦੇ ਹਨ । ਪਰ ਜੇਕਰ ਘਰ ਵਿਚ ਬਜ਼ੁਰਗ ਹੀ ਨਹੀਂ ਹਨ ਤਾਂ ਲੋਕ - ਧਾਰਾ ਅੱਗੇ ਨਹੀਂ ਤੁਰ ਸਕਦੀ । ਬੇਸ਼ਕ ਬਦਲਦੀਆਂ ਪ੍ਰਸਥਿਤੀਆਂ ਵਿਚ ਰਵਾਇਤੀ ਕਿਸਮ ਦੇ ਵੱਡੇ ਤੇ ਸੰਯੁਕਤ ਪਰਿਵਾਰਾਂ ਦਾ ਹੋਣਾ ਸੰਭਵ ਨਹੀਂ , ਪਰ ਜੋੜਾ - ਪਰਿਵਾਰ ਵਿਚ ਮਾਪਿਆਂ ਨੂੰ ਨਾਲ ਰੱਖ ਕੇ ਛੋਟੇ ਤੇ ਵੱਡੇ ਪਰਿਵਾਰ ਦਾ ਵਿਚਕਾਰਲਾ ਰੂਪ ਕਾਇਮ ਰੱਖਿਆ ਜਾ ਸਕਦਾ ਹੈ । ਇਸ ਨਾਲ ਮਾਪਿਆਂ ਪ੍ਰਤੀ ਫ਼ਰਜ਼ ਵੀ ਅਦਾ ਹੋ ਸਕਦਾ ਹੈ ਤੇ ਬਜ਼ੁਰਗ ਨਵੀਂ ਪੀੜ੍ਹੀ ਲਈ ਬਜੁਰਗ ਰਾਹ - ਦਸੇਰਾ ਵੀ ਬਣ ਸਕਦੇ ਹਨ ।

**ਪ੍ਰਸ਼ਨ 6. ਸਾਨੂੰ ਨਵੀਆਂ ਪ੍ਰਸਥਿਤੀਆਂ ਅਨੁਸਾਰ ਨਵੇਂ ਸੱਭਿਆਚਾਰਕ ਮਾਪ - ਦੰਡ ਸਿਰਜਣ ਦੀ ਕਿਉਂ ਲੋੜ ਹੈ ?**

**ਉੱਤਰ** - ਸਾਨੂੰ ਨਵੀਆਂ ਪ੍ਰਸਥਿਤੀਆਂ ਅਨੁਸਾਰ ਨਵੇਂ ਸੱਭਿਆਚਾਰਕ ਮਾਪ - ਦੰਡ ਇਸ ਕਰਕੇ ਸਿਰਜਣੇ ਚਾਹੀਦੇ ਹਨ , ਤਾਂ ਜੋ ਅਸੀਂ ਪੰਜਾਬੀ ਸਭਿਆਚਾਰ ਦੀਆਂ ਚੰਗੀਆਂ ਗੱਲਾਂ ਨੂੰ ਬਚਾ ਕੇ ਰੱਖ ਸਕੀਏ । ਅੱਜ ਨੌਕਰੀ ਪੇਸ਼ਾ ਸਮਾਜ ਦੇ ਵਿਕਸਿਤ ਹੋਣ ਨਾਲ ਵੱਡੇ ਤੇ ਸੰਯੁਕਤ ਪਰਿਵਾਰ ਟੁੱਟ ਰਹੇ ਹਨ ਤੇ ਜੋੜਾ - ਪਰਿਵਾਰ ਵਿਕਸਿਤ ਹੋ ਰਹੇ ਹਨ । ਨਵੀਂ ਪੀੜੀ ਨੇ ਆਪਣੇ ਸਭਿਆਚਾਰਕ ਸੰਸਕਾਰ ਪੰਜਾਬੀ ਸਭਿਆਚਾਰ ਦੀ ਜਾਣ - ਪਛਾਣ ਪੁਰਾਣੀ ਪੀੜ੍ਹੀ ਤੋਂ ਹੀ ਪ੍ਰਾਪਤ ਕਰਨੇ ਹੁੰਦੇ ਹਨ , ਪਰੰਤੂ ਜੇਕਰ ਘਰ ਵਿਚ ਬਜ਼ੁਰਗ ਹੀ ਨਹੀਂ , ਤਾਂ ਲੋਕ ਧਾਰਾ ਅੱਗੇ ਨਹੀਂ ਤੁਰ ਸਕਦੀ । ਬੇਸ਼ਕ ਬਦਲਦੀਆਂ ਪ੍ਰਸਥਿਤੀਆਂ ਵਿਚ ਵੱਡੇ ਤੇ ਸੰਯੁਕਤ ਪਰਿਵਾਰਾਂ ਦਾ ਹੋਣਾ ਸੰਭਵ ਨਹੀਂ ਪਰੰਤੂ ਜੋੜਾ ਪਰਿਵਾਰ ਵਿਚ ਮਾਪਿਆਂ ਨੂੰ ਨਾਲ ਰੱਖ ਕੇ ਛੋਟੇ ਤੇ ਵੱਡੇ ਪਰਿਵਾਰ ਦਾ ਵਿਚਕਾਰਲਾ ਰੂਪ ਕਾਇਮ ਰੱਖਿਆ ਜਾ ਸਕਦਾ ਹੈ । ਇਸ ਨਾਲ ਮਾਪਿਆਂ ਪ੍ਰਤੀ ਫ਼ਰਜ਼ ਵੀ ਅਦਾ ਹੋ ਸਕਦਾ ਹੈ ਤੇ ਬਜ਼ੁਰਗ ਨਵੀਂ ਪੀੜ੍ਹੀ ਲਈ ਰਾਹ - ਦਸੇਰਾ ਵੀ ਹੋ ਸਕਦੇ ਹਨ । ਇਸ ਕਰਕੇ ਸਾਨੂੰ ਆਪਣੇ ਸਭਿਆਚਾਰ ਨੂੰ ਬਚਾਉਣ ਲਈ ਨਵੇਂ ਮਾਪਦੰਡ ਸਿਰਜਣ ਦੀ ਲੋੜ ਹੈ ।

**ਪ੍ਰਸ਼ਨ 7.' ਪੰਜਾਬੀ ਸਭਿਆਚਾਰਕ ਪਰਿਵਰਤਨ ਪਾਠ ਵਿਚ ਗੁਰਬਾਣੀ ਦੀ ਤੁਕ ' ਮਾਤਾ ਧਰਤਿ ਮਹੱਤ ' ਨੂੰ ਅੰਕਿਤ ਕੀਤਾ ਗਿਆ ਹੈ ? ਇਸ ਬਾਰੇ ਖੋਲ੍ਹ ਕੇ ਦੱਸੋ ।**

**ਉੱਤਰ** - ਇਸ ਪਾਠ ਵਿਚ ਲੇਖਕ ਸਮਾਜ ਵਿਚ ਨਵੀਆਂ ਸਮੱਸਿਆਵਾਂ ਤੇ ਲੋੜਾਂ ਦੇ ਹੱਲ ਲਈ ਇਨ੍ਹਾਂ ਪ੍ਰਤੀ ਚੇਤਨਾ ਨੂੰ ਆਪਣੇ ਸਭਿਆਚਾਰ ਦਾ ਅੰਗ ਬਣਾਉਣ ਦੀ ਗੱਲ ਕਰਦਿਆਂ ਵਾਤਾਵਰਨ ਦੀ ਸਮੱਸਿਆ ਦੀ ਮਿਸਾਲ ਦਿੰਦਾ ਹੋਇਆ ਗੁਰਬਾਣੀ ਦੀ ਇਸ ਤੁਕ ਨੂੰ ਅੰਕਿਤ ਕਰਦਾ ਹੈ , ਜਿਸ ਅਨੁਸਾਰ ਸਾਡੇ ਵਡੇਰੇ ਧਰਤੀ ਨੂੰ ਮਹਾਨ ਮਾਤਾ ਦਾ ਦਰਜਾ ਦਿੰਦੇ ਹੋਏ ਇਸ ਉੱਤੇ ਵਾਤਾਵਰਨ ਨੂੰ ਵਿਗਾੜਨ ਤੋਂ ਬਚਣ ਦਾ ਯਤਨ ਕਰਦੇ ਸਨ ਤੇ ਰਾਤ ਨੂੰ ਦਰੱਖ਼ਤ ਤੋਂ ਦਾਤਣ ਤਕ ਨਹੀਂ ਸਨ ਤੋੜਦੇ , ਕਿਉਂਕਿ ਉਨ੍ਹਾਂ ਦੀ ਚੇਤਨਾ ਵਿਚ ਵਿਰਸੇ ਤੋਂ ਇਹ ਗੱਲ ਵਸੀ ਹੋਈ ਸੀ ਕਿ ਰਾਤ ਨੂੰ ਦਰੱਖਤ ਸੁੱਤੇ ਹੋਏ ਹੁੰਦੇ ਹਨ । ਇਸ ਪ੍ਰਕਾਰ ' ਧਰਤੀ ਨੂੰ ਮਹਾਨ ਮਾਤਾ ਮੰਨਣ ਦੇ ਵਿਸ਼ਵਾਸ ਨੂੰ ਆਪਣੀ ਚੇਤਨਾ ਦਾ ਅੰਗ ਬਣਾ ਕੇ ਅਸੀਂ ਅਜਿਹੇ ਕੰਮ ਕਰਨ ਤੋਂ ਬਚ ਸਕਦੇ ਹਾਂ , ਜਿਸ ਨਾਲ ਧਰਤੀ ਉੱਪਰਲਾ ਵਾਤਾਵਰਨ ਵਿਗੜਦਾ ਹੋਵੇ ।

**ਪ੍ਰਸ਼ਨ 8. ਪੰਜਾਬੀ ਸਭਿਆਚਾਰਕ ਪਰਿਵਰਤਨ ਪਾਠ ਦੇ ਆਧਾਰ ' ਤੇ ਦੱਸੋ ਕਿ ਸਾਨੂੰ ਚੇਤੰਨ ਪੱਧਰ ' ਤੇ ਕਿਹੜੀਆਂ ਨਵੀਆਂ ਸਿਹਤਮੰਦ ਪਰੰਪਰਾਵਾਂ ਵਿਕਸਿਤ ਕਰਨ ਦੀ ਲੋੜ ਹੈ ?**

**ਉੱਤਰ** - ਲੇਖਕ ਅਨੁਸਾਰ ਸਾਨੂੰ ਆਪਣੇ ਸਭਿਆਚਾਰ ਨੂੰ ਬਚਾਉਣ ਲਈ ਚੇਤੰਨ ਪੱਧਰ ਤੇ ਨਵੀਆਂ ਸਿਹਤਮੰਦ ਪਰੰਪਰਾਵਾਂ ਵਿਕਸਿਤ ਕਰਨੀਆਂ ਪੈਣਗੀਆਂ। ਬਹੁਤ ਕੁੱਝ ਸਾਨੂੰ ਛੱਡਣ ਦੀ ਲੋੜ ਹੈ ਜਿਵੇਂ ਕੁੜੀਆਂ ਨੂੰ ਮਾਰਨਾ , ਨਸ਼ੇ ਤੇ ਫੋਕੀ ਹੈਂਕੜ। ਬਹੁਤ ਕੁੱਝ ਸਾਨੂੰ ਰੱਖਣ ਦੀ ਜ਼ਰੂਰਤ ਹੈ , ਜਿਵੇਂ ਘਰ ਵਿਚ ਬਜ਼ੁਰਗ। ਬਹੁਤ ਕੁੱਝ ਸਾਨੂੰ ਦੂਜਿਆਂ ਤੋਂ ਸਿੱਖਣ ਦੀ ਜ਼ਰੂਰਤ ਹੈ। ਜਿਵੇਂ ਕੰਮ ਸਭਿਆਚਾਰ ,ਬਹੁਤ ਕੁੱਝ ਸਾਡੇ ਕੋਲ ਮੌਜੂਦ ਹੈ , ਜਿਵੇਂ ਕਿਰਤ ਕਰਨਾ , ਵੰਡ ਛਕਣਾ ਤੇ ਸਬਰ - ਸੰਤੋਖ ਦਾ ਜੀਵਨ ਜਿਊਣਾ। ਇਹ ਕੁੱਝ ਸਾਨੂੰ ਬਚਾਉਣਾ ਚਾਹੀਦਾ ਹੈ। ਆਧੁਨਿਕ ਯੁਗ ਵਿਚ ਇਸ ਬਾਰੇ ਚੇਤੰਨ ਕੋਸ਼ਿਸ਼ਾਂ ਕਰਨ ਦੀ ਜ਼ਰੂਰਤ ਹੈ , ਕਿਉਂਕਿ ਪਰੰਪਰਾ ਤੋਂ ਸਹਿਜ ਰੂਪ ਵਿਚ ਪੀੜੀ ਦਰ ਪੀੜ੍ਹੀ ਸਿੱਖਣ ਵਾਲਾ ਸਾਲਾ ਸਮਾਜ ਖ਼ਤਮ ਹੋ ਚੁੱਕਾ ਹੈ। ਇਸ ਕਰਕੇ ਸਾਨੂੰ ਚੇਤੰਨ ਪੱਧਰ ਤੇ ਸਿਹਤਮੰਦ ਪਰੰਪਰਾਵਾਂ ਵਿਕਸਿਤ ਕਰਨੀਆਂ ਪੈਣਗੀਆਂ।

**1. ਸਾਂਝ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ ।**

**ਸਾਂਝ** ਕਹਾਣੀ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ **ਸੁਜਾਨ ਸਿੰਘ** ਦੀ ਰਚਨਾ ਹੈ । ਸਾਂਝ ' ਕਹਾਣੀ ਜੋ ਸੱਠਵਿਆਂ ਦੇ ਵਿਕਾਸ - ਪੜਾਅ , ਦੇ ਪਿਛੋਕੜ ਵਿੱਚ ਲਿਖੀ ਗਈ ਹੈ , ਵਿੱਚ ਇੱਕ ਪ੍ਰੋਫ਼ੈਸਰ ਅਤੇ ਸਾਈਕਲ ' ਤੇ ਚੜ੍ਹੇ ਇੱਕ ਆਮ ਪੇਂਡੂ ਨੌਜਵਾਨ ਵਿਚਕਾਰ ਹਮਦਰਦੀ ਦੇ ਜਜ਼ਬੇ ਦੁਆਰਾ ਇੱਕ ਸਾਂਝ ਵਿਖਾਈ ਗਈ ਹੈ ।

ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਪ੍ਰੋ: ਐੱਮ . ਐੱਲ . ਮਲਹੋਤਰਾ ਕੁੱਝ ਸੋਚਦਿਆਂ - ਸੋਚਦਿਆਂ ਕਾਲਜ ਵਿਚੋਂ ਨਿਕਲਿਆ ਤੇ ਪੱਕੀ ਸੜਕ ਤਕ ਕੁੱਝ ਰਸਤਾ ਕੱਚਾ , ਰੇੜਿਆਂ ਭਰਿਆ ਤੇ ਉੱਚਾ - ਨੀਵਾਂ ਹੋਣ ਕਰਕੇ ਉਸ ਨੂੰ ਸਾਈਕਲ ਚਲਾਉਣ ਵਿਚ ਕਾਫ਼ੀ ਜੋਰ ਲਾਉਣਾ ਪਿਆ ਤੇ ਅੰਤ ਉਹ ਪੱਕੀ ਸੜਕ ਉੱਤੇ ਜਾ ਚੜਿਆ । ਚੜ੍ਹਦੇ ਜੇਠ ਦੀ ਦੁਪਹਿਰ ਭਾਵੇਂ ਬੀਤ ਚੁੱਕੀ ਸੀ , ਪਰ ਗਰਮੀ ਆਪਣਾ ਜੋਬਨ ਦਿਖਾ ਰਹੀ ਸੀ । ਗੁਰਦੁਆਰੇ ਦੇ ਵੱਡੇ ਦਰਵਾਜ਼ੇ ਦੇ ਬਾਹਰ ਇਕ ਧ੍ਰੇਕ ਹੇਠ ਕੁੱਝ ਸਵਾਰੀਆਂ ਬੱਸ ਉਡੀਕ ਰਹੀਆਂ ਸਨ ਤੇ ਕੁੱਝ ਸੜਕ ਉੱਤੇ ਬਣੇ ਬੱਸ ਸਟੈਂਡ ਵਿਚ ਖੜ੍ਹੀਆਂ ਸਨ ।

ਅੱਗੇ ਸੜਕ ਢਲਵਾਨ ਵਾਲੀ ਸੀ , ਜਿਸ ਨੂੰ ਤੇਜ਼ੀ ਨਾਲ ਪਾਰ ਕਰਨ ਮਗਰੋਂ ਪੱਧਰੀ ਸੜਕ ਉੱਤੇ ਜਾਂਦਿਆਂ ਪ੍ਰੋਫ਼ੈਸਰ ਨੇ ਰੇਲਵੇ ਦਾ ਫਾਟਕ ਪਾਰ ਕੀਤਾ ਤੇ ਅੱਗੇ ਚਲ ਪਿਆ । ਗਰਮੀ ਕਾਰਨ ਸੜਕ ਦੀ ਲੁੱਕ ਪਿਘਲੀ ਹੋਈ ਸੀ ਤੇ ਪ੍ਰੋਫ਼ੈਸਰ ਪਸੀਨੋ ਪਸੀਨਾ ਹੋ ਚੁੱਕਾ ਸੀ । ਇੰਨੇ ਨੂੰ ਇਕ ਲਾਲ ਚੀਰੇ ਵਾਲਾਂ ਨੌਜਵਾਨ ਖੜ - ਖੜ ਕਰਦੇ ਸਾਈਕਲ ਉੱਤੇ ਉਸ ਦੇ ਕੋਲੋਂ ਲੰਘਿਆ । ਪ੍ਰੋਫ਼ੈਸਰ ਸੋਚ ਰਿਹਾ ਸੀ ਕਿ ਪਤਾ ਨਹੀਂ , ਉਸ ਕਿਸਾਨ - ਨੁਮਾ ਸਾਈਕਲ ਸਵਾਰ ਨੂੰ ਕੀ ਭਾਜੜ ਪਈ ਹੋਈ ਹੈ । ਪਹਿਲਾਂ ਤਾਂ ਉਸ ਨੇ ਸੋਚਿਆ ਕਿ ਉਹ ਸਾਈਕਲ ਤੇਜ ਕਰ ਕੇ ਉਸ ਤੋਂ ਅੱਗੇ ਲੰਘ ਜਾਵੇ , ਪਰ ਪਿੱਛੋਂ ਉਸ ਨੇ ਇਹ ਖਿਆਲ ਛੱਡ ਦਿੱਤਾ । ਉਸ ਨੂੰ ਇਕ ਭਾਰਤੀ ਲੀਡਰ ਦਾ ਇਹ ਕਥਨ ਯਾਦ ਆ ਰਿਹਾ ਸੀ ਕਿ ਅੱਜ ਜਦੋਂ ਦੂਜੇ ਦੇਸ਼ਾਂ ਵਿਚ ਸਪੂਤਨਿਕਾਂ , ਹਵਾਈ ਜਹਾਜ਼ਾਂ ਤੇ ਕਾਰਾਂ ਦਾ ਯੁੱਗ ਆ ਗਿਆ ਹੈ , ਉੱਥੇ ਭਾਰਤ ਅਜੇ ਸਾਈਕਲ - ਯੁਗ ਤਕ ਹੀ ਪਹੁੰਚਾ ਹੈ । ਲੇਖਕ ਨੂੰ ਜਾਪਿਆ ਕਿ ਭਾਰਤ ਅਜੇ ਸਾਈਕਲ - ਯੁਗ ਵਿਚ ਪਹੁੰਚਿਆ ਹੀ ਨਹੀਂ ਕਿਉਂਕਿ ਸਾਈਕਲ ਵੀ ਇੱਥੇ ਕੁੱਝ ਕੁ ਲੋਕਾਂ ਕੋਲ ਹੀ ਹਨ । ਇਸ ਕਰਕੇ ਉਸ ਨੂੰ ਇਹ ਕਹਿਣਾ ਗ਼ਲਤ ਜਾਪਿਆ ਕਿ ਸਾਈਕਲ ਗ਼ਰੀਬ ਦੀ ਸਵਾਰੀ ਹੈ । ਇਸ ਤੋਂ ਉਸ ਨੂੰ ਆਪਣੀ ਗਰੀਬੀ ਦਾ ਵੀ ਅਹਿਸਾਸ ਹੋਇਆ , ਜੋ ਕਿ ਉਸ ਦੇ ਚਿੱਟੇ ਕੱਪੜਿਆਂ ਵਿਚ ਲੁਕੀ ਹੋਈ ਸੀ । ਇੰਨੇ ਨੂੰ ਇਕ ਬੱਸ ਧੂੜ ਉਡਾਉਂਦੀ ਉਸ ਦੇ ਕੋਲੋਂ ਲੰਘ ਤੇ ਉਸ ਨੂੰ ਆਪਣੇ ਮੋਹਰੇ ਇਕ ਤੀਵੀਂ ਤੁਰੀ ਜਾਂਦੀ ਦਿਸੀ । ਪ੍ਰੋਫ਼ੈਸਰ ਨੂੰ ਜਾਪਿਆ ਕਿ ਉਸ ਤੀਵੀਂ ਨੇ ਕਿਸਾਨ ਸਾਈਕਲ ਸਵਾਰ ਨੂੰ ਕੁੱਝ ਕਿਹਾ ਸੀ , ਪਰ ਉਸ ਨੇ ਉਸ ਵਲ ਦੇਖਣ ਮਗਰੋਂ ਸਾਈਕਲ ਅੱਗੇ ਲੰਘਾ ਲਿਆ ਸੀ ।

ਜਦੋਂ ਪ੍ਰੋਫ਼ੈਸਰ ਉਸ ਤੀਵੀਂ ਕੋਲ ਪੁੱਜਾ , ਤਾਂ ਉਸ ਨੇ ਉਸ ਨੂੰ ਆਪਣੇ ਨਾਲ ਲਿਜਾਣ ਦੀ ਬੇਨਤੀ ਕੀਤੀ , ਪਰ ਉਹ ਵੀ ਉਸ ਵਲ ਇਕ ਨਜ਼ਰ ਦੇਖ ਕੇ ਅੱਗੇ ਲੰਘ ਗਿਆ । ਅੱਧ ਫ਼ਰਲਾਂਗ ਉੱਤੇ ਜਾ ਕੇ ਉਸ ਦਾ ਸਾਈਕਲ ਰੁਕ ਗਿਆ । ਉਸ ਨੂੰ ਲਾਲ ਚੀਰੇ ਵਾਲਾ ਸਾਈਕਲ ਸਵਾਰ ਪੱਥਰ - ਦਿਲ ਜਾਪਿਆ । ਉਸ ਨੂੰ ਆਪਣਾ - ਆਪ ਵੀ ਚੰਗਾ ਨਾ ਲੱਗਾ , ਜਿਹੜਾ ਇਕ ਮੁਹਤਾਜ ਦੀ ਮੱਦਦ ਕਰਨ ਦੀ ਥਾਂ ਅੱਗੇ ਲੰਘ ਆਇਆ ਸੀ । ਉਹ ਮੁੜ ਕੇ ਮਾਈ ਦੇ ਕੋਲ ਗਿਆ ਅਤੇ ਪੁੱਛਣ ' ਤੇ ਪਤਾ ਲੱਗਾ ਕਿ ਮਾਈ ਨੇ ਬਾਗ਼ਾਂ ਵਾਲੇ ਕੋਲ ਸਹੇੜੇ ਜਾਣਾ ਹੈ ।

ਪ੍ਰੋਫ਼ੈਸਰ ਨੇ ਸਮਝਿਆ ਸੀ ਕਿ ਮਾਈ ਨੇ ਉਸ ਸ਼ਹਿਰ ਜਾਣਾ ਹੈ , ਜਿਹੜਾ ਉੱਥੋਂ ਮੀਲ ਕੁ ਦੀ ਵਿੱਥ ਤੇ ਸੀ , ਪਰੰਤੂ ਬਾਗਾਂ ਵਾਲਾ ਤਾਂ ਉੱਥੋਂ ਨੌ ਮੀਲ ਸੀ । ਮਾਈ ਬਹੁਤ ਬੁੱਢੀ ਤੇ ਕਮਜ਼ੋਰ ਸੀ । ਉਸ ਨੂੰ ਦਿਸਦਾ ਵੀ ਚੰਗੀ ਤਰ੍ਹਾਂ ਨਹੀਂ ਸੀ । ਉਹ ਨੰਗੇ ਪੈਰੀਂ ਪਤਾ ਨਹੀਂ ਉਸ ਸੜਦੀ ਧੂੜ ਵਿਚ ਕਿਵੇਂ ਖੜ੍ਹੀ ਸੀ । ਉਸ ਦੀ ਸੁੱਥਣ ਗੰਦੀ ਤੇ ਉਸ ਨੂੰ ਸੌ - ਸੌ ਟਾਕੀਆਂ ਲੱਗੀਆਂ ਹੋਈਆਂ ਸਨ ਤੇ ਉਸ ਦਾ ਕੁੜਤਾ ਦੀ ਮੈਲ ਨਾਲ ਭਰਿਆ ਹੋਇਆ ਸੀ । ਉਸ ਦੇ ਸਿਰ ਉੱਤੇ ਤੰਦੋ - ਤੰਦ ਹੋਈ ਚੁੰਨੀ ਸੀ । ਉਸ ਦੇ ਸਰੀਰ ਉੱਤੇ ਗੰਦਾ ਪਸੀਨਾ ਦੇਖ ਕੇ ਪ੍ਰੋਫ਼ੈਸਰ ਦਾ ਦਿਲ ਮਿਚਕ ਗਿਆ । ਪ੍ਰੋਫ਼ੈਸਰ ਨੇ ਉਸ ਨੂੰ ਕਿਹਾ ਕਿ ਉਸ ਨੇ ਤਾਂ ਸਿਰਫ਼ ਅਗਲੇ ਸ਼ਹਿਰ ਜਾਣਾ ਹੈ , ਜੋ ਕਿ ਉੱਥੋ ਕੇਵਲ ਇਕ ਮੀਲ ਹੈ । ਉਸ ਨੇ ਸੋਚਿਆ ਸੀ ਕਿ ਉਹ ਆਪੇ ਨਾਂਹ ਕਰ ਦੇਵੇਗੀ , ਪਰ ਉਹ ਬੋਲੀ ਕਿ ਉਹ ਉਸ ਨੂੰ ਉੱਥੋਂ ਤਕ ਹੀ ਲੈ ਚਲੇ ।

ਪ੍ਰੋਫ਼ੈਸਰ ਨੇ ਆਪਣੇ ਆਪ ਨੂੰ ਫਸਿਆ ਅਨੁਭਵ ਕੀਤਾ । ਬੁੱਢੀ ਆਪੇ ਸਾਈਕਲ ਉੱਤੇ ਚੜ੍ਹ ਵੀ ਨਹੀਂ ਸੀ ਸਕਦੀ । ਪ੍ਰੋਫ਼ੈਸਰ ਨੇ ਕਚੀਚੀ ਵੱਟ ਕੇ ਉਸ ਦੇ ਗੰਦੇ ਤੇ ਪਾਟੇ ਹੋਏ ਖੇਸ ਵਾਲਾ ਗੰਦਾ ਥੈਲਾ ਸਾਈਕਲ ਦੇ ਮੋਹਰੇ ਟੰਗਿਆ ਤੇ ਉਸ ਨੂੰ ਆਪਣੀ ਬਾਂਹ ਦਾ ਸਹਾਰਾ ਦੇ ਕੇ ਕੈਰੀਅਰ ' ਤੇ ਬਿਠਾਇਆ । ਲੇਖਕ ਨੂੰ ਪਤਾ ਲੱਗਾ ਕਿ ਬੁੱਢੀ ਦਾ ਕੋਈ ਅੰਗ - ਸਾਕ ਨਹੀਂ ਸੀ । ਉਸ ਪਿੰਡ ਵਿਚ ਇਕ ਝੁੱਗੀ ਤੋਂ ਸਿਵਾਏ ਉਸ ਦਾ ਕੁੱਝ ਵੀ ਨਹੀਂ ਸੀ ਤੇ ਉਹ ਜੇਠ ਦੀ ਸੰਗਰਾਂਦ ਉੱਤੇ ਤੇਰਾਂ - ਚੌਦਾਂ ਮੀਲ ਤੁਰ ਕੇ ਗੁਰਦੁਆਰੇ ਆਈ ਸੀ । ਜੇਕਰ ਉਸ ਨੂੰ ਆਂਢ - ਗੁਆਂਢ ਦੇ ਦਿੰਦੇ ਸਨ , ਤਾਂ ਉਹ ਖਾ ਲੈਂਦੀ ਸੀ , ਪਰ ਮੰਗਣ ਨਹੀਂ ਜੀ ਜਾਂਦੀ ।

ਪ੍ਰੋਫ਼ੈਸਰ ਆਪਣੇ ਘਰ ਦੀ ਗ਼ਰੀਬੀ ਕਾਰਨ ਉਸ ਨੂੰ ਆਪਣੇ ਘਰ ਲਿਜਾਣ ਜੋਗਾ ਨਹੀਂ ਸੀ । ਉਹ ਉਸ ਨੂੰ ਕਿਰਾਇਆ ਦੇ ਕੇ ਬੱਸ ਵਿਚ ਬਿਠਾਉਣ ਜੋਗਾ ਵੀ ਨਹੀਂ ਸੀ ਕਿਉਂਕਿ ਅੰਗਰੇਜ਼ੀ ਮਹੀਨਾ ਆਪਣੇ ਅੰਤ ਵਲ ਵਧ ਰਿਹਾ ਸੀ । ਉਸ ਦੀ ਜੇਬ ਵਿਚ ਮਸਾਂ 30 ਪੈਸੇ ਸਨ , ਜੋ ਕਿਰਾਏ ਲਈ ਕਾਫ਼ੀ ਨਹੀਂ ਸਨ । ਉਸ ਨੂੰ ਯਾਦ ਆਇਆ ਕਿ ਉਸ ਦਾ ਬੱਚਾ ਰਸ ਲੈ ਕੇ ਖਾਣੇ ਚਾਹੁੰਦਾ ਹੈ ਤੇ ਜੇਕਰ ਉਹ ਆਪਣੇ ਬੱਚੇ ਦੀ ਇਹ ਇੱਛਾ ਵੀ ਪੂਰੀ ਨਹੀਂ ਕਰ ਸਕਦਾ , ਤਾਂ ਗੱਲ ਕੀ ਹੋਈ । ਉਹ ਸੋਚ ਰਿਹਾ ਸੀ ਕਿ ਜੇਕਰ ਉਸ ਬੁੱਢੀ ਵਰਗਿਆਂ ਦੀ ਕੋਈ ਵੀ ਮੱਦਦ ਨਾ ਕਰੇ , ਤਾਂ ਫਿਰ ਉਹ ਮੰਗਤੇ ਹੀ ਬਣਨਗੇ । ਉਸ ਨੇ ਕਿਸੇ ਤੋਂ ਪੈਸੇ ਮੰਗ ਕੇ ਮਾਈ ਨੂੰ ਬਾਗਾਂ ਵਾਲੇ ਦੀ ਟਿਕਟ ਲੈ ਕੇ ਦੇਣ ਬਾਰੇ ਸੋਚਿਆ , ਪਰ ਉਸ ਨੂੰ ਇਹ ਗੱਲ ਆਪਣੇ ਸ਼ਵੈ- ਮਾਨ ਦੇ ਵਿਰੁੱਧ ਜਾਪੀ । ਉਹ ਮਾਈ ਨੂੰ ਬਾਗ਼ਾਂ ਵਾਲੇ ਤਕ ਆਪਣੇ ਸਾਈਕਲ ਉੱਤੇ ਛੱਡ ਕੇ ਆਉਣ ਦਾ ਫ਼ੈਸਲਾ ਨਾ ਲੈ ਸਕਿਆ ਕਿਉਂਕਿ ਇਕ ਤਾਂ ਉਹ ਬੁਢਾਪੇ ਵਿਚ ਸੀ ਤੇ ਦੂਸਰੇ ਉਹ ਭੁੱਖਾ ਸੀ । ਫਿਰ ਥੱਕ ਕੇ ਉਸ ਨੇ ਪੜ੍ਹਾਉਣ ਲਈ ਤਿਆਰੀ ਨਹੀਂ ਸੀ ਕਰ ਸਕਣੀ ।

ਸ਼ਹਿਰ ਦੇ ਮੋੜ ਤੇ ਆ ਕੇ ਪ੍ਰੋਫ਼ੈਸਰ ਨੇ ਮਾਈ ਨੂੰ ਉਤਾਰਿਆ ਤੇ ਉਸ ਨੂੰ ਉਸ ਦਾ ਥੈਲਾ ਫੜਾ ਦਿੱਤਾ । ਇੰਨੇ ਨੂੰ ਬਾਗ਼ਾਂ ਵਾਲੇ ਦੀ ਬੱਸ ਆਈ ਤੇ ਚਲੀ ਗਈ । ਪ੍ਰੋਫ਼ੈਸਰ ਮਾਈ ਦੀ ਪੈਸਿਆਂ ਨਾਲ ਸਹਾਇਤਾ ਨਾ ਕਰ ਸਕਿਆ । ਜਦੋਂ ਉਹ ਤੁਰਨ ਲੱਗਾ , ਤਾਂ ਲਾਲ ਚੀਰੇ ਵਾਲਾ ਸਾਈਕਲ ਸਵਾਰ ਸ਼ਹਿਰੋਂ ਮੁੜ ਰਿਹਾ ਸੀ । ਉਸ ਨੇ ਮਾਈ ਨੂੰ ਕਿਹਾ ਕਿ ਉਸ ਦਾ ਕੰਮ ਛੇਤੀ ਮੁੱਕ ਗਿਆ ਹੈ । ਉਹ ਉਸ ਦੇ ਸਾਈਕਲ ਉੱਤੇ ਬੈਠ ਜਾਵੇ । ਉਸ ਨੇ ਤਾਂ ਬਾਗ਼ਾਂ ਵਾਲੇ ਜਾਣਾ ਹੈ ਪਰ ਉਹ ਉਸ ਨੂੰ ਅਗਾਂਹ ਸਹੇੜੇ ਹੀ ਛੱਡ ਆਵੇਗਾ ।

ਪ੍ਰੋਫ਼ੈਸਰ ਨੇ ਆਪਣਾ ਸਾਈਕਲ ਖੜਾ ਕਰ ਕੇ ਮਾਈ ਨੂੰ ਚੁੱਕ ਕੇ ਲਾਲ ਚੀਰੇ ਵਾਲੇ ਦੇ ਸਾਈਕਲ ਉੱਤੇ ਚੜ੍ਹਾਇਆ ਤੇ ਉਸ ਦਾ ਥੈਲਾ ਉਸ ਦੇ ਸਾਈਕਲ ਦੇ ਹੈਂਡਲ ਨਾਲ ਲਮਕਾ ਦਿੱਤਾ । ਚੀਰੇ ਵਾਲੇ ਨੇ ਪ੍ਰੋਫ਼ੈਸਰ ਵਲ ਇਸ ਤਰ੍ਹਾਂ ਤੱਕਿਆ , ਜਿਵੇਂ ਜਿਸ ਨੂੰ ਉਹ ਓਪਰਾ ਸਮਝਦਾ ਹੋਵੇ , ਉਹ ਆਪਣਾ ਹੀ ਨਿਕਲ ਆਇਆ ਹੋਵੇ । ਉਹ ਮੂੰਹੋਂ ਕੁੱਝ ਨਾ ਬੋਲਿਆ । ਅੱਖਾਂ ਹੀ ਅੱਖਾਂ ਨਾਲ ਉਸ ਨੇ ਪ੍ਰੋਫ਼ੈਸਰ ਨਾਲ ਸਾਂਝ ਪਾ ਲਈ ਤੇ ਇਸ ਸਾਂਝ ਨਾਲ ਪ੍ਰੋਫ਼ੈਸਰ ਨੇ ਮਹਿਸੂਸ ਕੀਤਾ , ਜਿਵੇਂ ਉਸ ਨੇ ਆਪਣੇ ਘਾਟੇ ਨੂੰ ਪੂਰਾ ਕਰ ਲਿਆ ਹੋਵੇ ।

ਕਹਾਣੀ ਇਹ ਦ੍ਰਿੜਾਉਂਦੀ ਹੈ ਕਿ ਹਮਦਰਦੀ ਦੀ ਭਾਵਨਾ ਸਦਕਾ ਅਸੀਂ ਇੱਕ -ਦੂਜੇ ਨੂੰ ਮਨੁੱਖ ਦੇ ਰੂਪ ਵਿੱਚ ਪਛਾਣਦੇ ਹਾਂ ।

**ਪ੍ਰਸ਼ਨ 1. ਨੀਲੀ ਕਹਾਣੀ ਨੂੰ ਸੰਖੇਪ ਕਰ ਕੇ ਆਪਣੇ ਸ਼ਬਦਾਂ ਵਿਚ ਲਿਖੋ।**

**ਨੀਲੀ** ਕਹਾਣੀ **ਕਰਤਾਰ ਸਿੰਘ ਦੁੱਗਲ** ਦੀ ਰਚਨਾ ਹੈ। ਇਹ ਕਹਾਣੀ ਇਕ ਗਊ ਦੇ ਮਨੋ - ਭਾਵਾਂ ਨੂੰ ਉਘਾੜਦੀ ਹੈ, ਜੋ ਕਿ ਇਕ ਮਾਂ ਹੈ ਤੇ ਆਪਣੀ ਵੱਛੀ ਦੇ ਮਰਨ ' ਤੇ ਉਸ ਦੀ ਮਮਤਾ ਵਲੂੰਧਰੀ ਜਾਂਦੀ ਹੈ, ਪਰ ਗਵਾਲਾ ਉਸ ਦੇ ਮਾਨਸਿਕ ਦੁੱਖ ਨੂੰ ਸਮਝਣ ਤੋਂ ਅਸਮਰੱਥ ਰਹਿੰਦਾ ਹੈ।

ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਨੀਲੀ ਗੋਰੇ ਰੰਗ ਦੀ ਸੋਹਣੀ ਸਿਹਤਮੰਦ ਗਾਂ ਸੀ। ਕਹਾਣੀਕਾਰ ਦੀ ਪਤਨੀ ਨੇ ਬਹੁਤ ਸਾਰੀਆਂ ਗਾਈਆਂ ਵਿਚੋਂ ਇਹ ਗਾਂ ਪਸੰਦ ਕਰ ਕੇ ਇਸੇ ਦੇ ਦੁੱਧ ਦਾ ਹੀ ਭਾ ਮੁਕਾਇਆ ਸੀ। ਗਵਾਲਾ ਹਰ ਰੋਜ਼ ਸਵੇਰੇ ਨੀਲੀ ਨੂੰ ਉਨ੍ਹਾਂ ਦੇ ਘਰ ਲੈ ਆਉਂਦਾ ਤੇ ਨਾਲ ਹੀ ਮਸਾਲੇ ਵਾਲੇ ਚਾਰੇ ਦੀ ਟੋਕਰੀ ਲੈ ਆਉਂਦਾ।ਉਹ ਉਸ ਦੇ ਅੱਗੇ ਚਾਰਾ ਰੱਖ ਕੇ ਉਨ੍ਹਾਂ ਨੂੰ ਦੁੱਧ ਚੋ ਕੇ ਦੇ ਜਾਂਦਾ। ਦੁੱਧ ਦਾ ਭਾ ਚੁਕਾਉਣ ਵੇਲੇ ਗਵਾਲੇ ਨਾਲ ਗਾਂ ਨੂੰ ਦਾਣਾ, ਵੜੇਵੇਂ ਤੇ ਖਲ ਵਾਲਾ ਚਾਰਾ ਖੁਆਉਣ ਦੀ ਸ਼ਰਤ ਤੈਅ ਹੋਈ ਸੀ ਕਿਉਂਕਿ ਚੰਗੀ ਖ਼ੁਰਾਕ ਵਾਲੇ ਪਸ਼ੂ ਦਾ ਦੁੱਧ ਵੀ ਚੰਗਾ ਹੁੰਦਾ ਹੈ।

ਇਸ ਤਰ੍ਹਾਂ ਕਈ ਮਹੀਨੇ ਬੀਤ ਗਏ। ਇਕ ਵਾਰੀ ਨੀਲੀ ਨਵੇਂ ਦੁੱਧ ਹੋਣ ਕਰਕੇ ਦੁੱਧ ਦੇਣਾ ਛੱਡ ਗਈ। ਪਰ ਕੁੱਝ ਸਮੇਂ ਪਿਛੋਂ ਹੀ ਨੀਲੀ ਆਪਣੀ ਸੁੰਦਰ ਵੱਛੀ ਨਾਲ ਦੁੱਧ ਦੇਣ ਲਈ ਆਉਣ ਲੱਗ ਪਈ ਤੇ ਉਹ ਨੀਲੀ ਦਾ ਸਾਰਾ ਦੁੱਧ ਖ਼ਰੀਦ ਲੈਂਦੇ। ਕਹਾਣੀਕਾਰ ਦੀ ਪਤਨੀ ਗਵਾਲੇ ਨੂੰ ਹਰ ਰੋਜ਼ ਕਹਿੰਦੀ ਕਿ ਉਹ ਵੱਛੀ ਲਈ ਕੁੱਝ ਦੁੱਧ ਛੱਡਿਆ ਕਰੇ, ਇਸ ਤਰ੍ਹਾਂ ਉਹ ਚੰਗੀ ਗਾਂ ਬਣੇਗੀ, ਪਰ ਗਵਾਲਾ ਇਸ ਬਾਰੇ ਆਪਣੀ ਮਰਜ਼ੀ ਕਰਦਾ ਤੇ ਨੱਕ ਵਿਚ ਗੁਣਗੁਣਾ ਛੱਡਦਾ। ਹੁਣ ਕਿਉਂਕਿ ਵੱਛੀ ਦੇ ਮੂੰਹ ਮਾਰਨ ' ਤੇ ਨੀਲੀ ਦੁੱਧ ਲਾਹ ਦਿੰਦੀ ਸੀ, ਇਸ ਕਰਕੇ ਗਵਾਲੇ ਨੇ ਮਸਾਲੇ ਦੀ ਟੋਕਰੀ ਲਿਆਉਣੀ ਬੰਦ ਕਰ ਦਿੱਤੀ ਪਰ ਕਹਾਣੀਕਾਰ ਤੇ ਉਸ ਦੀ ਪਤਨੀ ਦੇ ਸ਼ਿਕਾਇਤ ਕਰਨ ' ਤੇ ਉਹ ਕਹਿੰਦਾ ਕਿ ਉਹ ਸ਼ਾਮ ਨੂੰ ਤੂੜੀ ਵਿਚ ਰਲਾ ਕੇ ਉਸ ਨੂੰ ਹਰ ਰੋਜ਼ ਮਸਾਲਾ ਖੁਆਉਂਦਾ ਹੈ। ਕਹਾਣੀਕਾਰ ਦੀ ਪਤਨੀ ਖਪਦੀ ਰਹਿੰਦੀ ਕਿ ਦੁੱਧ ਪਾਣੀ ਵਰਗਾ ਮਿਲਦਾ ਹੈ ਤੇ ਗਵਾਲਾ ਵੱਛੀ ਲਈ ਦੁੱਧ ਨਹੀਂ ਬਚਾਉਂਦਾ, ਜਿਸ ਕਰਕੇ ਉਹ ਹੱਡੀਆਂ ਦੀ ਮੁੱਠ ਬਣਦੀ ਜਾ ਰਹੀ ਹੈ। ਗਵਾਲਾ ਕਹਿੰਦਾ ਹੈ ਕਿ ਗਾਂ ਦੁੱਧ ਛੁਪਾ ਲੈਂਦੀ ਹੈ ਤੇ ਉਹ ਵੱਛੀ ਦੁਆਰਾ ਥਣਾਂ ਨੂੰ ਵਾਰ - ਵਾਰ ਧੁੱਸ ਮਾਰਨ ਦੀ ਗੱਲ ਦੱਸ ਕੇ ਉਨ੍ਹਾਂ ਨੂੰ ਝੂਠੇ ਕਰਦਾ।

ਇਕ ਦਿਨ ਵੱਛੀ ਮਰ ਗਈ। ਗਵਾਲਾ ਨਿੱਕਾ ਜਿਹਾ ਮੂੰਹ ਬਣਾ ਕੇ ਕਹਾਣੀਕਾਰ ਦੇ ਘਰ ਕਹਿ ਗਿਆ ਕਿ ਰਾਤੀ ਵੱਛੀ ਦੇ ਮਰਨ ਕਰਕੇ ਨੀਲੀ ਨੇ ਕੁੱਝ ਖਾਧਾ - ਪੀਤਾ ਨਹੀਂ, ਇਸ ਕਰਕੇ ਅੱਜ ਦੁੱਧ ਦਾ ਨਾਗਾ ਰਹੇਗਾ। ਕਹਾਣੀਕਾਰ ਦੀ ਪਤਨੀ ਨੂੰ ਗੁੱਸਾ ਤਾਂ ਬਹੁਤ ਸੀ, ਪਰ ਉਹ ਚੁੱਪ ਕਰ ਰਹੀ। ਅਗਲੇ ਦਿਨ ਸਵੇਰੇ ਨੀਲੀ ਕਹਾਣੀਕਾਰ ਦੀ ਕੋਠੀ ਦੇ ਸਾਹਮਣੇ ਗੇਟ ਦੇ ਬਾਹਰ ਆ ਕੇ ਖੜੀ ਹੋ ਗਈ। ਗਵਾਲਾ ਮਸਾਲੇ ਦੀ ਟੋਕਰੀ ਲੈ ਕੇ ਆ ਗਿਆ। ਪਹਿਲਾਂ ਨੀਲੀ ਧੁੱਸ ਮਾਰ ਕੇ ਗੇਟ ਖੋਲ੍ਹ ਦਿੰਦੀ ਸੀ, ਪਰ ਅੱਜ ਉਹ ਚੁੱਪ - ਚਾਪ ਖੜੀ ਸੀ। ਉਹ ਉਦਾਸ ਸੀ। ਗਵਾਲਾ ਆਇਆ ਤੇ ਗੇਟ ਖੋਲ੍ਹ ਕੇ ਉਹ ਤੇ ਉਸ ਦੇ ਪਿੱਛੇ - ਪਿੱਛੇ ਨੀਲੀ ਅੰਦਰ ਆ ਗਏ। ਗਵਾਲੇ ਨੇ ਮਸਾਲੇ ਦੀ ਟੋਕਰੀ ਰੱਖੀ ਤੇ ਹੱਥ ਮਾਰ ਕੇ ਉਸ ਦੀ ਖੁਸ਼ਬੂ ਖਿਲਾਰਨ ਲੱਗਾ। ਨੀਲੀ ਟੋਕਰੀ ਕੋਲ ਨਾ ਆਈ। ਗਵਾਲੇ ਨੇ ਫਿਰ ਉਸ ਨੂੰ ਟੋਕਰੀ ਉਛਾਲ ਕੇ ਦਾਣਾ ਦਿਖਾਇਆ। ਨੀਲੀ ਅੱਗੇ ਆ ਗਈ। ਪਰ ਉਸ ਨੇ ਮਸਾਲੇ ਨੂੰ ਮੂੰਹ ਨਾ ਲਾਇਆ। ਫਿਰ ਗਵਾਲੇ ਨੇ ਨੀਲੀ ਦੇ ਸਿਰ ਉੱਤੇ ਹੱਥ ਫੇਰਿਆ ਤੇ ਪੁਚਕਾਰਿਆ। ਨੀਲੀ ਨੇ ਆਪਣੀ ਬੂਥਣੀ ਟੋਕਰੀ ਵਿਚ ਪਾ ਦਿੱਤੀ ਪਰ ਉਸ ਤੋਂ ਕੁੱਝ ਖਾਧਾ ਨਹੀਂ ਸੀ ਜਾ ਰਿਹਾ। ਉਹ ਮੂੰਹ ਮੋੜ ਕੇ ਫਿਰ ਟੋਕਰੀ ਵਲ ਪਿੱਠ ਕਰ ਕੇ ਖੜ੍ਹੀ ਹੋ ਗਈ। ਪਰੇਸ਼ਾਨ ਹੋਇਆਂ ਗਵਾਲਾ ਟੋਕਰੀ ਚੁੱਕ ਕੇ ਤੁਰ ਪਿਆ ਤੇ ਨੀਲੀ ਵੀ ਉਸ ਦੇ ਪਿੱਛੇ - ਪਿੱਛੇ ਤੁਰ ਪਈ। ਕਹਾਣੀਕਾਰ ਦੀ ਪਤਨੀ ਕਹਿ ਰਹੀ ਸੀ ਕਿ ਉਸ ਨੇ ਚੂਲੀ ਦੁੱਧ ਬਚਾਉਣ ਲਈ ਵੱਛੀ ਗੁਆ ਲਈ ਹੈ। ਉਸ ਨੇ ਨੌਕਰ ਨੂੰ ਡੇਅਰੀ ਤੋਂ ਦੁੱਧ ਲੈਣ ਲਈ ਭੇਜ ਦਿੱਤਾ।

ਕਹਾਣੀਕਾਰ ਓਨੀ ਦੇਰ ਤਕ ਜਾਂਦੀ ਨੀਲੀ ਨੂੰ ਦੇਖਦਾ ਰਿਹਾ, ਜਿੰਨਾ ਚਿਰ ਉਹ ਅੱਖਾਂ ਤੋਂ ਉਹਲੇ ਨਾ ਹੋ ਗਈ।ਅਗਲੇ ਦਿਨ ਸਵੇਰੇ ਹੀ ਗਵਾਲਾ ਮਸਾਲੇ ਦੀ ਟੋਕਰੀ ਚੁੱਕੀ ਕਹਾਣੀਕਾਰ ਦੀ ਕੋਠੀ ਵਿਚ ਆ ਪੁੱਜਾ। ਉਸ ਦੇ ਮਗਰ ਹੀ ਨੀਲੀ ਸੀ। ਉਸ ਨੇ ਟੋਕਰੀ ਹੇਠਾਂ ਰੱਖੀ ਹੀ ਸੀ ਕਿ ਨੀਲੀ ਅੱਗੇ ਵਧ ਕੇ ਮੂੰਹ ਮਾਰਨ ਲੱਗ ਪਈ। ਗਵਾਲਾ ਗਾਗਰ ਫੜ ਕੇ ਨੀਲੀ ਕੋਲ ਬੈਠ ਗਿਆ। ਪਰ ਉਹ ਪਰੇ ਹੋ ਗਈ। ਨੀਲੀ ਨੂੰ ਮਸਾਲਾ ਖਾਂਦੀ ਦੇਖ ਕੇ ਗਵਾਲਾ ਫੇਰ ਉਸ ਦੇ ਨੇੜੇ ਹੋਇਆ ਪਰ ਉਹ ਫਿਰ ਪਿਛਾਂਹ ਹੋ ਗਈ। ਨੀਲੀ ਟੋਕਰੀ ਵਿਚ ਮੂੰਹ ਜਮਾਈ ਮਸਾਲਾ ਖਾ ਰਹੀ ਸੀ ਕਿਉਂਕਿ ਉਹ ਤਿੰਨਾਂ ਦਿਨਾਂ ਦੀ ਭੁੱਖੀ ਸੀ। ਗਵਾਲਾ ਉਸ ਦੀ ਪਿੱਠ ' ਤੇ ਹੱਥ ਫੇਰਦਾ ਹੋਇਆ ਮੂੰਹ ਨਾਲ ਉਸ ਨੂੰ ਪੁਚਕਾਰਦਾ ਰਿਹਾ। ਗਵਾਲਾ ਨੀਲੀ ਦੇ ਹੇਠਾ ਬੈਠ ਗਿਆ ਤੇ ਉਹ ਨਾ ਹਿੱਲੀ, ਪਰ ਜਦੋਂ ਉਸ ਨੇ ਥਣਾਂ ਵਲ ਹੱਥ ਵਧਾਇਆ, ਤਾਂ ਉਹ ਲੱਤ ਮਾਰ ਕੇ ਪਰੇ ਹੋ ਗਈ।

ਗਵਾਲਾ ਸ਼ਰਮਿੰਦਾ ਜਿਹਾ ਹੋ ਕੇ ਉੱਠ ਬੈਠਾ ਤੇ ਨੀਲੀ ਦੇ ਸਿੰਗਾਂ ਨੂੰ ਪਿਆਰ ਕਰਨ ਲੱਗ ਪਿਆ। ਫਿਰ ਉਹ ਉਸ ਦੀ ਪਿੱਠ ਤੇ ਹੱਥ ਫੇਰਨ ਮਗਰੋਂ ਉਸ ਦੀ ਪੂਛ ਨਾਲ ਖੇਡਦਾ ਰਿਹਾ ਤੇ ਫਿਰ ਉਸ ਦੇ ਕੋਲ ਬੈਠ ਕੇ ਉਸ ਦੀ ਪੂਛ ਨੂੰ ਮਲਦਾ ਤੇ ਉਸ ਦੀਆਂ ਲੱਤਾਂ ਨੂੰ ਸਾਫ਼ ਕਰਦਾ ਰਿਹਾ। ਪਰ ਜਦੋਂ ਉਸ ਦੇ ਥਣ ਨੂੰ ਪੋਲੇ ਜਿਹੇ ਫੜਿਆ, ਤਾਂ ਨੀਲੀ ਲੱਤ ਮਾਰ ਕੇ ਪਰੇ ਹੋ ਗਈ।

ਇਹ ਦੇਖ ਕੇ ਗਵਾਲੇ ਨੂੰ ਗੁੱਸਾ ਆ ਗਿਆ। ਉਸ ਨੇ ਨੀਲੀ ਤੋਂ ਮਸਾਲੇ ਦੀ ਟੋਕਰੀ ਖੋਹ ਲਈ ਤੇ ਸਿਰ ਤੇ ਰੱਖ ਕੇ ਤੇਜ਼ੀ ਨਾਲ ਮੁੜ ਤੁਰਿਆ। ਉਸ ਨੂੰ ਜਾਂਦਾ ਦੇਖ ਕੇ ਨੀਲੀ ਅੜਿੰਗੀ, ਪਰ ਉਹ ਤੁਰਦਾ ਗਿਆ। ਨੀਲੀ ਕਿੰਨਾ ਚਿਰ ਉੱਥੇ ਖੜ੍ਹੀ ਅੜਿੰਗਦੀ ਰਹੀ, ਜਿਵੇਂ ਗਵਾਲੇ ਨੂੰ ਕਹਿ ਰਹੀ ਹੋਵੇ ਕਿ ਉਹ ਸਮਝਦਾ ਕਿਉਂ

ਨਹੀਂ। ਅਜੇ ਦੋ ਦਿਨ ਤਾਂ ਹੋਏ ਹਨ , ਉਸ ਦੀ ਧੀ ਨੂੰ ਮਰਿਆਂ। ਉਹ ਅਜੇ ਉਸ ਨੂੰ ਭੁਲਾ ਨਹੀਂ ਸਕੀ। ਪਰ ਭੈੜੇ ਪੇਟ ਅੱਗੇ ਪੇਸ਼ ਨਹੀਂ ਜਾਂਦੀ। ਉਸ ਦੀ ਲਾਡਲੀ ਦੇ ਪੋਲੇ - ਪੋਲੇ ਬੁੱਲ੍ਹ ਜਦੋਂ ਉਸ ਦੇ ਥਣਾਂ ਨੂੰ ਲਗਦੇ ਸਨ , ਤਾਂ ਉਸ ਦਾ ਦੁੱਧ ਆਪਣੇ ਆਪ ਹੀ ਲਹਿ ਆਉਂਦਾ ਸੀ। ਕੀ ਉਹ ਜਾਣਦਾ ਨਹੀਂ ਕਿ ਮਾਂ ਤੇ ਬੱਚੇ ਦਾ ਕੀ ਰਿਸ਼ਤਾ ਹੁੰਦਾ ਹੈ ? ਠੀਕ ਹੈ ਕਿ ਉਹ ਕੁੱਝ ਦਿਨਾਂ ਤਕ ਉਸ ਨੂੰ ਭੁੱਲ ਜਾਵੇਗੀ ਤੇ ਉਹ ਦੁੱਧ ਵੀ ਦੇਵੇਗੀ , ਪਰ ਉਸ ਨੂੰ ਇਕ ਦੋ ਦਿਨ ਹੋਰ ਸਬਰ ਕਰਨਾ ਪਵੇਗਾ। ਹੁਣ ਉਸ ਨੇ ਦੁੱਧ ਕੀ ਕਰਨਾ ਹੈ ? ਦੁੱਧ ਪੀਣ ਵਾਲੀ ਤਾਂ ਚਲੀ ਗਈ ਹੈ। ਪਰ ਉਹ ਉਸ ਨੂੰ ਭੁੱਖਾ ਨਾ ਮਾਰੇ ਤੇ ਆ ਕੇ ਉਸ ਨੂੰ ਦਾਣਾ ਚਾਰੇ। ਕਿੰਨਾ ਚਿਰ ਨੀਲੀ ਕੋਠੀ ਦੇ ਗੇਟ ਵੱਲ ਦੇਖਦੀ ਰਹੀ , ਪਰ ਗਵਾਲਾ ਨਾ ਮੁੜਿਆ।

## 3. ਆਪਣਾ ਦੇਸ - ਸੰਤੋਖ ਸਿੰਘ ਧੀਰ

**ਆਪਣਾ ਦੇਸ** ਕਹਾਣੀ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ **ਸੰਤੋਖ ਸਿੰਘ ਧੀਰ** ਦੀ ਰਚਨਾ ਹੈ। ਇਸ ਕਹਾਣੀ ਵਿਚ ਲੇਖਕ ਨੇ ਅਜੋਕੇ ਯੁਗ ਵਿਚ ' ਦੇਸ - ਪ੍ਰੇਮ ' ਦੀਭਾਵਨਾ ਨੂੰ ਨਿਵੇਕਲੇ ਢੰਗ ਨਾਲ ਪੇਸ਼ ਕੀਤਾ ਹੈ। ਲੇਖਕ ਦੱਸਦਾ ਹੈ ਕਿ ਕਿਸੇ ਵਿਅਕਤੀ ਨੂੰ ਉਹ ਦੇਸ਼ ਹੀ ਆਪਣਾ ਲਗਦਾ ਹੈ , ਜਿੱਥੇ ਉਹ ਜੰਮਿਆ - ਪਲਿਆ ਤੇ ਰਹਿੰਦਾ ਹੈ ਉਸ ਥਾਂ ਨਾਲ ਚਿਰ-ਪਰਿਚਿਤ ( ਜਾਣ-ਪਛਾਣ) ਹੋਣ ਕਰਕੇ ਉਸ ਦੀ ਭਾਵਕ ਸਾਂਝ ਹੁੰਦੀ ਹੈ।

ਕਹਾਣੀ ਵਿਚ ਅਸੀਂ ਦੇਖਦੇ ਹਾਂ ਕਿ ਦੋ ਭਰਾ ਸੋਲਾਂ ਸਾਲ ਪਹਿਲਾਂ ਜਦੋਂ ਉਹ ਇਕ ਅਤੇ ਦੋ ਸਾਲਾਂ ਦੇ ਸਨ , ਆਪਣੇ ਮਾਤਾ ਪਿਤਾ ਨਾਲ ਕੈਨੇਡਾ ਚਲੇ ਗਏ। ਹੁਣ ਉਨ੍ਹਾਂ ਦਾ ਪਿਤਾ ਨਿਰੰਜਣ ਸਿੰਘ ਉਨ੍ਹਾਂ ਨੂੰ ਭਾਰਤ ਲੈ ਕੇ ਆਇਆ ਸੀ , ਤਾਂ ਜੋ ਉਹ ਆਪਣੇ ਦੇਸ਼ ਨੂੰ ਦੇਖ ਸਕਣ। ਕਿਉਂਕਿ ਉਨ੍ਹਾਂ ਕੇਵਲ ਜਨਮ ਹੀ ਇੱਥੇ ਲਿਆ ਸੀ , ਪਰ ਉਨ੍ਹਾਂ ਦਾ ਲਗਾਓ ਕੈਨੇਡਾ ਦੀ ਧਰਤੀ ਤੇ ਉੱਥੋਂ ਦੇ ਵਾਤਾਵਰਨ ਨਾਲ ਸੀ। ਕੈਨੇਡਾ ਵਿਚ ਉਨ੍ਹਾਂ ਦੇ ਘਰ ਪੰਜਾਬੀ ਬੋਲੀ ਜਾਂਦੀ ਸੀ , ਪਰ ਉਨ੍ਹਾਂ ਦਾ ਲਬੋ-ਲਹਿਜਾ ਅੰਗਰੇਜੀ ਢੰਗ ਦਾ ਹੀ ਸੀ। ਸਾਡੇ ਪੰਜਾਬੀ ਘਰਾਂ ਵਿਚ ਆਮ ਵਰਤੇ ਜਾਣ ਵਾਲੇ ਸ਼ਬਦ ਮੇਜ਼ , ਬਾਰੀ , ਬੂਹਾ ਆਦਿ ਉਨ੍ਹਾਂ ਦੀ ਸਮਝ ਤੋਂ ਬਾਹਰ ਸਨ। ਨਿਰੰਜਣ ਪੜ੍ਹਿਆ - ਲਿਖਿਆ , ਸੂਝਵਾਨ ਤੇ ਅਗਾਂਹ - ਵਧੂ ਵਿਅਕਤੀ ਸੀ। ਉਹ ਇੱਥੇ ਟੀਚਰ ਲੱਗਾ ਹੋਇਆ ਸੀ। ਉਹ ਚੰਗੇਰੇ ਜੀਵਨ ਲਈ ਨੌਕਰੀ ਛੱਡ ਕੇ ਕੈਨੇਡਾ ਚਲਾ ਗਿਆ ਤੇ ਅੱਜ - ਕਲ੍ਹ ਉਹ ਵੈਨਕੂਵਰ ਵਿਚ ਰਹਿ ਰਿਹਾ ਸੀ। ਆਪ ਤਾਂ ਉਹ ਪੂਰਾ ਪੂਰਾ ਪੰਜਾਬੀ ਸੀ , ਪਰ ਉਸ ਨੂੰ ਆਪਣੇ ਪੁੱਤਰਾਂ ਬਾਰੇ ਚਿੰਤਾ ਜਿਹੀ ਲੱਗੀ ਰਹਿੰਦੀ ਸੀ , ਜਿਹੜੀ ਕਿ ਉੱਥੇ ਰਹਿੰਦੇ ਸਾਰੇ ਪੰਜਾਬੀਆਂ ਦੀ ਸਾਂਝੀ ਸੀ। ਉਹ ਆਪਣੇ ਪੁੱਤਰਾਂ ਨੂੰ ਭਾਰਤ ਜਾਂ ਪੰਜਾਬ ਬਾਰੇ ਉਹ ਸਭ ਕੁੱਝ ਦੱਸਦਾ ਰਹਿੰਦਾ ਸੀ , ਜੋ ਉਨ੍ਹਾਂ ਲਈ ਜ਼ਰੂਰੀ ਸੀ। ਉਸ ਨੇ ਉਨ੍ਹਾਂ ਨੂੰ ਰਾਮਾਇਣ , ਮਹਾਂਭਾਰਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਦੱਸਣ ਤੋਂ ਇਲਾਵਾ ਪੰਜਾਬ ਦੀ ਧਰਤੀ , ਪਾਕਿਸਤਾਨ ਦੇ ਇਸ ਨਾਲੋਂ ਵੱਖ ਹੋਣ ਤੇ ਇਸ ਦੇ ਦਰਿਆਵਾਂ ਦੇ ਪੰਜਾਂ ਤੋਂ ਦੋ ਰਹਿ ਜਾਣ ਬਾਰੇ ਵੀ ਦੱਸਿਆ। ਉਨ੍ਹਾਂ ਨੇ ਵੈਨਕੂਵਰ ਦੇ ਦੇ ਗੁਰਦੁਆਰੇ ਵਿੱਚ ਸ੍ਰੀ ਗੁਰੂ ਗੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਹੋਏ ਸਨ। ਨਿਰੰਜਣ ਸਿੰਘ ਨੇ ਉਨ੍ਹਾਂ ਨੂੰ ਦਸ ਗੁਰੂ ਸਾਹਿਬਾਂ ਬਾਰੇ ਵੀ ਜਾਣਕਾਰੀ ਦਿੱਤੀ ਸੀ। ਜਦੋਂ ਇਕ ਮੁੰਡੇ ਨੇ ਗੁਰੂ ਹਰਕ੍ਰਿਸ਼ਨ ਜੀ ਦੀ ਤਸਵੀਰ ਦੇਖ ਕੇ ਉਨ੍ਹਾਂ ਨੂੰ ' ਚਾਈਲਡ ' ਕਹਿ ਕੇ ਉਨ੍ਹਾਂ ਬਾਰੇ ਪੁੱਛਿਆ ਸੀ , ਤਾਂ ਨਿਰੰਜਣ ਸਿੰਘ ਨੇ ਉਸ ਨੂੰ ਅਜਿਹਾ ਕਹਿਣੇ ਰੋਕ ਕੇ ਉਸ ਤੋਂ ਹੱਥ ਜੋੜ ਕੇ ਨਮਸਕਾਰ ਕਰਵਾਈ ਸੀ। ਰਾਮਾਇਣ ਤੇ ਮਹਾਂਭਾਰਤ ਦੇ ਸੀਰੀਅਲਾਂ ਦੀਆਂ ਕੈਸਟਾਂ ਵੀ ਕੈਨੇਡਾ ਪੁੱਜ ਗਈਆਂ ਸਨ। ਰਾਮਾਇਣ ਦਾ ਸੀਰੀਅਲ ਦੇਖਦਿਆਂ ਹਨੂੰਮਾਨ ਤੇ ਉਨ੍ਹਾਂ ਦੀ ਬਾਨਰ ਨੂੰ ਸੈਨਾ ਦੇਖ ਕੇ ਇੱਕ ਨੇ ਪੁੱਛਿਆ ਸੀ ਕਿ ਕੀ ਇੰਡੀਆ ਵਿਚ ਪੂਛਾਂ ਵਾਲੇ ਲੋਕ ਵੀ ਹਨ। ਨਿਰੰਜਣ ਸਿੰਘ ਉਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਸਮਝਾ ਸਕਿਆ ਸੀ ਕਿ ਇਹ ਮਿਥਿਹਾਸ ਹੈ। ਜਦੋਂ ਉਸ ਨੇ ਕਿਹਾ ਕਿ ਇਹ ਭਾਰਤ ਦੀ ਰੂਹ ਹੈ , ਤਾਂ ਉਹ ਹੱਸ ਪਏ। ਅਜਿਹੀਆਂ ਗੱਲਾਂ ਦੇਖ ਕੇ ਨਿਰੰਜਣ ਸਿੰਘ ਨੇ ਉਨ੍ਹਾਂ ਨੂੰ ਭਾਰਤ ਲਿਆ ਕੇ ਦਿੱਲੀ , ਪੰਜਾਬ , ਤਾਜ ਮਹੱਲ , ਦਰਬਾਰ ਸਾਹਿਬ ਤੇ ਪਿੰਡ ਦਿਖਾਉਣ ਦਾ ਨਿਸਚਾ ਕੀਤਾ। ਦਸੰਬਰ ਦੇ ਅੱਧ ਵਿਚ ਉਹ ਇੰਡੀਆ ਆ ਪੁੱਜੇ। ਉਸ ਨੇ ਪਿੰਡਾਂ ਇਕ ਵੈਨ ਕਿਰਾਏ ਉੱਤੇ ਲੈ ਕੇ ਉਨ੍ਹਾਂ ਨੂੰ ਸੈਰ ਕਰਾਉਣੀ ਸ਼ੁਰੂ ਕੀਤੀ। ਇਕ ਦਿਨ ਜਦੋਂ ਉਹ ਆਗਰੇ ਤੋਂ ਦਿੱਲੀ ਆ ਰਹੇ ਸਨ , ਤਾਂ ਨਿਰੰਜਣ ਸਿੰਘ ਨੇ ਆਪਣੇ ਇਕ ਦੋਸਤ ਐੱਮ . ਪੀ . ਕੋਲ ਠਹਿਰਨਾ ਸੀ। ਟੈਲੀਫੋਨ ' ਤੋਂ ਇਹ ਪਤਾ ਲੱਗਣ ' ਤੇ ਕਿ ਉਹ ਮਦਰਾਸ ਗਿਆ ਹੋਇਆ ਹੈ , ਉਹ ਸਭ ਨੂੰ ਲੈ ਕੇ ਇਕ ਦੂਸਰੇ ਦੋਸਤ ਦੇ ਘਰ ਪੁੱਜਾ , ਜੋ ਕਿ ਬੜਾ ਮਹਿਮਾਨ - ਨਿਵਾਜ ਸੀ। ਇਕ ਹੋਰ ਦੋਸਤ ਪਹਿਲਾਂ ਹੀ ਉਸ ਦੇ ਘਰ ਆਇਆ ਹੋਇਆ ਸੀ। ਸਾਰੇ ਜਣੇ ਡਰਾਇੰਗ ਰੂਮ ਵਿਚ ਬੈਠੇ ਸਨ। ਥੱਕੇ ਹੋਏ ਤਾਂ ਸਾਰੇ ਸਨ , ਪਰ ਮੁੰਡੇ ਕੁੱਝ ਜ਼ਿਆਦਾ ਮੁਰਝਾਏ ਹੋਏ ਸਨ। ਉਹ ਚੁੱਪ - ਚਾਪ ਬੈਠੇ ਖਾਲੀ ਅੱਖਾਂ ਨਾਲ ਕੰਧਾਂ ਵਲ ਦੇਖ ਰਹੇ ਸਨ , ਜਿਵੇਂ ਉਨ੍ਹਾਂ ਦੇ ਮਨ ਕਿਸੇ ਹੋਰ ਥਾਂ ਹੋਣ | ਉਹ ਮੇਜ਼ਬਾਨ ਦੇ ਪੁੱਛਣ ' ਤੇ ਚਾਹ ਜਾਂ ਕਾਫ਼ੀ ਕੁੱਝ ਵੀ ਪੀਣ ਲਈ ਤਿਆਰ ਨਾ ਹੋਏ। ਬਾਕੀਆਂ ਨੇ ਖਾਣੇ ਦੀ ਇੱਛਾ ਪ੍ਰਗਟ ਕੀਤੀ ਤੇ ਮੇਜ਼ਬਾਨ ਨੇ ਉਨ੍ਹਾਂ ਅੱਗੇ ਵਿਸਕੀ ਰੱਖ ਦਿੱਤੀ। ਉਸ ਦੇ ਪੁੱਛਣ ਤੇ ਨਿਰੰਜਣ ਸਿੰਘ ਨੇ ਦੱਸਿਆ ਕਿ ਮੁੰਡੇ ਆਂਡਿਆਂ ਨਾਲ ਇਕ - ਇਕ ਸੈਂਡਵਿੱਚ ' ਤੇ ਥੋੜ੍ਹਾ ਸੇਬ ਖਾ ਲੈਣਗੇ , ਪਰ ਪਾਣੀ ਨਹੀਂ ਪੀਣਗੇ। ਟੀਨਏਜਰ ਹੋਣ ਕਰਕੇ ਵਿਸਕੀ ਉਹ ਨਹੀਂ ਸਨ ਪੀਂਦੇ। ਉਨ੍ਹਾਂ ਨੂੰ ਅਸਲ ਵਿਚ ਕੈਨੇਡਾ ਦਾ ਖਾਣਾ - ਪੀਣਾ ਹੀ ਮੁਆਫ਼ਿਕ ਸੀ। ਸਾਹ ਉਹ ਜ਼ਰੂਰ ਇੰਡੀਆ ਦੀ ਹਵਾ ਵਿਚ ਲੈ ਰਹੇ ਸਨ। ਮੁੰਡਿਆਂ ਨੂੰ ਉਕਤਾਏ ਜਹੇ ਦੇਖ ਕੇ ਮੇਜ਼ਬਾਨ ਨੇ ਉਨ੍ਹਾਂ ਨੂੰ ਉੱਤੇ ਕਮਰੇ ਵਿਚ ਅਰਾਮ ਕਰਨ ਲਈ ਭੇਜ ਦਿੱਤਾ। ਉਸ ਦੇ ਘਰ ਫਿਲਟਰਡ ਪਾਣੀ ਦਾ ਪਤਾ ਲੱਗਣ ' ਤੇ ਉਨ੍ਹਾਂ ਨੇ ਰੱਜ ਕੇ ਪਾਣੀ ਪੀ ਲਿਆ ਤੇ ਦੋ - ਦੋ , ਤਿੰਨ - ਤਿੰਨ ਸੈਂਡਵਿਚ ਵੀ ਖਾ ਲਏ। ਮੁੰਡੇ ਤੋਂ ਉਨ੍ਹਾਂ ਦਾ ਬਾਪ ਕਲੀਨ ਸ਼ੇਵਨ ਸਨ। ਮੁੰਡਿਆਂ ਦੇ ਉੱਪਰ ਜਾਣ ਮਗਰੋਂ ਬਾਕੀ ਥੱਲੇ ਵਿਸਕੀ ਪੀਂਦੇ ਤੇ ਕਾਫ਼ੀ ਦੇਰ ਤਕ ਗੱਲਾਂ ਕਰਦੇ ਰਹੇ। ਮੁੰਡਿਆਂ ਦੇ ਭਾਰਤ ਬਾਰੇ ਪ੍ਰਤੀਕਰਮ ਪੁੱਛਣ ' ਤੇ ਨਿਰੰਜਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਭਾਰਤ ਵਿਚ ਟਰੈਫ਼ਿਕ ਬਹੁਤ ਜ਼ਿਆਦਾ ਮਹਿਸੂਸ ਹੋਈ ਹੈ। ਉਨ੍ਹਾਂ ਨੂੰ ਸੜਕਾਂ ਵੀ ਚੰਗੀਆਂ ਨਹੀਂ ਲੱਗੀਆਂ। ਉਨ੍ਹਾਂ ਨੂੰ ਬਹੁਤੀ ਥਾਂ ਕੱਚੀ ਲੱਗੀ ਹੈ। ਉਨ੍ਹਾਂ ਨੇ ਤਾਜ ਮਹੱਲ ਤੇ ਦਰਬਾਰ ਸਾਹਿਬ ਨੂੰ ਵੀ ਕੇਵਲ ' ਚੰਗਾ ' ਹੀ ਕਿਹਾ ਹੈ। ਉਸ ਨੇ ਦੱਸਿਆ ਕਿ ਇਹ ਭਾਰਤ ਦੇ ਤਾਂ ਭਾਵੇਂ ਅਜੂਬੇ ਹਨ , ਪਰ ਇਨ੍ਹਾਂ ਲਈ ਬਿਲਡਿੰਗਾਂ ਹੀ ਹਨ। ਜੇਕਰ ਇਨ੍ਹਾਂ ਨੂੰ ਇਨ੍ਹਾਂ ਦਾ ਇਤਿਹਾਸ ਦੱਸੋ , ਤਾਂ ਇਨ੍ਹਾਂ ਨੂੰ ਪਤਾ ਨਹੀਂ ਲਗਦਾ। ਉਸ ਨੇ ਦੱਸਿਆ ਕਿ ਉਹ ਮੁੰਡਿਆਂ ਦੀ ਇਸ ਗੱਲ ਕਰਕੇ ਪ੍ਰੇਸ਼ਾਨ ਹੈ ਤੇ ਉਹ ਚਾਹੁੰਦਾਂ ਹੈ ਕਿ ਉਹ ਆਪਣੀ ਮਾਤ - ਭੂਮੀ ਨਾਲ ਜੁੜਨ। ਜਿਸ ਦਿਨ ਉਹ ਦਿੱਲੀ ਹਵਾਈ ਅੱਡੇ ਉੱਤੇ ਉੱਤਰੇ ਸਨ , ਤਾਂ ਉਸ ਨੇ ਧਰਤੀ ਨੂੰ ਹੱਥ ਲਾ ਕੇ ਆਪਣੇ ਮੱਥੇ ਨਾਲ

ਛੁਹਾਇਆ ਸੀ , ਪਰ ਇਹ ਚੁੱਪ ਸਨ। ਇਹ ਸੁਣ ਕੇ ਮੇਜ਼ਬਾਨ ਨੇ ਨਿਰੰਜਣ ਸਿੰਘ ਨੂੰ ਸਮਝਾਇਆ ਕਿ ਉਸ ਦੇ ਮੁੰਡੇ ਏਸ ਦੇਸ਼ ਨਾਲ ਫੈਮੀਲੀਅਰ ਨਹੀਂ ਹਨ ਤੇ ਨਾ ਹੀ ਹੋ ਸਕਦੇ ਹਨ। ਇਹ ਇਨ੍ਹਾਂ ਦਾ ਦੇਸ਼ ਨਹੀਂ। ਇਨ੍ਹਾਂ ਦਾ ਦੇਸ਼ ਕੈਨੇਡਾ ਹੈ। ਇੱਥੇ ਕੇਵਲ ਇਹ ਜੰਮੇ ਹਨ। ਬਚਪਨ ਜਿੱਥੇ ਬੀਤਦਾ ਹੈ ਤੇ ਜਿਸ ਵਾਤਾਵਰਨ ਵਿਚ ਬੀਤਦਾ ਹੈ , ਉਸ ਨਾਲ ਹੀ ਕਿਸੇ ਦਾ ਮੋਹ ਹੋ ਸਕਦਾ ਹੈ। ਇਸ ਕਰਕੇ ਉਸ ਨੂੰ ਪ੍ਰੇਸ਼ਾਨ ਨਹੀਂ ਹੋਣਾ ਚਾਹੀਦਾ ਹੈ। ਇਹ ਨਾ ਭਾਰਤੀ ਹਨ ਤੇ ਨਾ ਪੰਜਾਬੀ , ਸਗੋਂ ਵਿਚ - ਵਿਚਾਲੇ ਜਿਹੇ ਹਨ। ਇਨ੍ਹਾਂ ਦੇ ਧੀਆਂ ਪੁੱਤਰ ਹੋਰ ਵੀ ਓਪਰੇ ਹੋਣਗੇ। ਇਉਂ ਹੀ ਫੇਰ ਸਮਾਂ ਪਾ ਕੇ ਨਸਲਾਂ ਬਦਲ ਜਾਂਦੀਆਂ ਹਨ।ਨਿਰੰਜਣ ਸਿੰਘ ਨੇ ਦੱਸਿਆ ਕਿ ਇਨ੍ਹਾਂ ਨੂੰ ਚੰਡੀਗੜ੍ਹ ਪਸੰਦ ਆਇਆ ਹੈ। ਇਹ ਸੁਣ ਕੇ ਮੇਜ਼ਬਾਨ ਨੇ ਦੱਸਿਆ ਕਿ ਜਿੱਥੇ ਕੋਈ ਰਹਿੰਦਾ ਹੈ , ਉੱਥੇ ਦੇ ਰਹਿਣ - ਸਹਿਣ ਦੀ ਆਦਤ ਜਿਹੀ ਪੈ ਜਾਂਦੀ ਹੈ। ਚੰਡੀਗੜ੍ਹ ਦਾ ਬੰਦਾ ਪਿੰਡ ਜਾ ਕੇ ਨਹੀਂ ਰਹਿ ਸਕਦਾ ਤੇ ਪਿੰਡ ਦੇ ਬੰਦੇ ਨੂੰ ਚੰਡੀਗੜ੍ਹ ਦੀਆਂ ਫਲੱਸ਼ਾਂ ਵਿਚ ਟੱਟੀ ਨਹੀਂ ਆਉਂਦੀ। ਇਸ ਕਰਕੇ ਉਸ ਨੂੰ ਆਪਣੇ ਮੁੰਡਿਆਂ ਬਾਰੇ ਪ੍ਰੇਸ਼ਾਨ ਨਹੀਂ ਹੋਣਾ ਚਾਹੀਦਾ। ਸਾਰੇ ਦੇਸ਼ ਆਪਣੇ ਹਨ। ਭਾਰਤ ਵੀ ਕਦੇ ਆਰੀਆਂ ਦਾ ਦੇਸ਼ ਨਹੀਂ ਸੀ ਹੁੰਦਾ। ਫਿਰ ਮੁਗ਼ਲ ਆਏ। ਸਭ ਇੱਥੋਂ ਦੇ ਹੀ ਹੋ ਗਏ। ਅੱਜ ਦੁਨੀਆ ਇਕ ਹੁੰਦੀ ਜਾ ਰਹੀ ਹੈ। ਗਿਆਰਾਂ ਵਜੇ ਨਿਰੰਜਣ ਸਿੰਘ ਨੂੰ ਉੱਪਰ ਮੁੰਡਿਆਂ ਕੋਲ ਭੇਜ ਦਿੱਤਾ ਗਿਆ ਕਿਉਂਕਿ ਉਹ ਉਨ੍ਹਾਂ ਦੀਆਂ ਲੋੜਾਂ ਨੂੰ ਸਮਝਦਾ ਸੀ। ਸਵੇਰੇ ਉਹ ਸਾਰੇ ਤਿਆਰ ਹੋ ਕੇ ਡਰਾਇੰਗ ਰੂਮ ਵਿਚ ਆ ਗਏ। ਉਨ੍ਹਾਂ ਨੇ ਬੈਠਵੀਆਂ ਟਾਇਲਟਾਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਕੰਮ ਚਲਾ ਲਿਆ ਹੋਵੇਗਾ। ਬਾਹਰ ਬਾਰਿਸ਼ ਪੈ ਰਹੀ ਸੀ। ਮੇਜਬਾਨ ਨੇ ਕਿਹਾ ਕਿ ਇੰਡੀਆ ਵਰਗੀ ਸੋਹਣੀ ਬਾਰਿਸ਼ ਦੁਨੀਆ ਵਿਚ ਕਿਤੇ ਨਹੀਂ ਪੈਂਦੀ ਤੇ ਨਾ ਇਹੋ ਜਿਹੇ ਬੱਦਲ ਆਉਂਦੇ ਹਨ। ਇੱਥੋਂ ਦੀ ਜਨਵਰੀ ਦੀ ਧੁੱਪ ਤੇ ਬਸੰਤ ਦਾ ਵੀ ਕੋਈ ਮੁਕਾਬਲਾ ਨਹੀਂ। ਇੱਥੇ ਵਰਗੇ ਚੰਦ ਸੂਰਜ ਤੇ ਕਾਲੀ ਰਾਤ ਵੀ ਕਿਤੇ ਨਹੀਂ। ਪਰ ਉਹ ਮੁੰਡੇ ਚੁੱਪ - ਚਾਪ ਹੀ ਰਹੇ , ਜਾਂ ਕੇਵਲ ਉਨ੍ਹਾਂ ਵਲ ਦੇਖਦੇ ਰਹੇ। ਮੇਜ਼ਬਾਨ ਦੇ ਪੁੱਛਣ ' ਤੇ ਪਤਾ ਲੱਗਾ ਕਿ ਮੁੰਡਿਆਂ ਦੇ ਨਾਂ ਹਰਿੰਦਰ ਤੇ ਗੁਰਿੰਦਰ ਹਨ , ਪਰ ਉਹ ਆਪਣੇ - ਆਪ ਨੂੰ ਹੈਰੀ ਤੇ ਗੈਰੀ ਕਹਾਉਂਦੇ ਹਨ। ਵੀਹ - ਪੱਚੀ ਦਿਨਾਂ ਮਗਰੋਂ ਉਹ ਵਾਪਸ ਤੁਰ ਪਏ। ਜਹਾਜ ਉੱਡਣ ਸਮੇਂ ਪਿਤਾ ਦੀਆਂ ਅੱਖਾਂ ਵਿਚ ਅੱਥਰੂ ਛਲਕ ਰਹੇ ਸਨ , ਪਰ ਬੱਚਿਆਂ ਦੀਆਂ ਅੱਖਾਂ ਖ਼ੁਸ਼ੀ ਨਾਲ ਚਮਕ ਰਹੀਆਂ ਸਨ।

**ਪ੍ਰਸ਼ਨ 4. ' ਮਾੜਾ ਬੰਦਾ ' ਕਹਾਣੀ ਨੂੰ ਸੰਖੇਪ ਕਰ ਕੇ ਆਪਣੇ ਸ਼ਬਦਾਂ ਵਿਚ ਲਿਖੋ ਜਾਂ ਮਾੜਾ ਬੰਦਾ ਕਹਾਣੀ ਦਾ ਸਾਰ ਲਿਖੋ ।**

**ਉੱਤਰ** - ਕਥਾਵਾਚਕ ( ਕਹਾਣੀਕਾਰ ) ਦੀ ਪਤਨੀ ਸਬਜ਼ੀ ਮੰਡੀ ਤੋਂ ਰਿਕਸ਼ੇ ਵਿਚ ਬੈਠ ਕੇ ਘਰ ਆਈ ਸੀ । ਰਿਕਸ਼ੇ ਵਾਲੇ ਨੂੰ ਉਸਨੇ ਦੋ ਰੁਪਏ ਦੇਣੇ ਤੈ ਕੀਤੇ ਸਨ ਪਰ ਰਿਕਸ਼ੇ ਵਾਲੇ ਨੇ ਰਿਕਸ਼ਾ ਰੋਕ ਕੇ ਕਿਹਾ ਕਿ ਇਹ ਤਾਂ ਬੀਬੀ ਜੀ ਸ਼ਕਤੀ ਨਗਰ ਹੀ ਆ ਗਿਆ । ਸੜਕ ਟੁੱਟੀ ਹੋਈ ਹੈ , ਤਿੰਨ ਰੁਪਏ ਦਿਓ । ਕਥਾਵਾਚਕ ਦੀ ਪਤਨੀ ਨੇ ਦੋ ਰੁਪਏ ਫੜਾਏ । ਦੋ ਰੁਪਏ ਉਸਨੇ ਵਗਾਹ ਕੇ ਸੁੱਟ ਦਿੱਤੇ । ਅਵਾਜ਼ ਸੁਣ ਕੇ ਕਥਾਵਾਚਕ ਬਾਹਰ ਆਇਆ , ਤਾਂ ਉਹ ਰਿਕਸ਼ੇ ਵਾਲੇ ਨੂੰ ਮਾਰਨ ਲੱਗਾ , ਪਰ ਰਿਕਸ਼ੇਵਾਲਾ ਗਰੀਬ ਤੇ ਮਾੜੇ ਬੰਦੇ ਨਾਲ ਵਧੀਕੀ ਆਖਦਾ ਹੋਇਆ ਭੈੜੀਆਂ ਨਜ਼ਰਾਂ ਨਾਲ ਵੇਖਦਾ ਤੁਰ ਪਿਆ | ਕਥਾਵਾਚਕ ਸਮਝਦਾ ਸੀ ਕਿ ਉਹ ਇਕ ਰੁਪਇਆ ਵੱਧ ਮੰਗ ਕੇ ਅਸਲ ਵਿਚ ਪੰਜਾਹ ਪੈਸੇ ਹੋਰ ਲੈਣੇ ਚਾਹੁੰਦਾ ਸੀ ਪਰ ਉਸਨੂੰ ਉਸਦਾ ਤਰੀਕਾ ਪਸੰਦ ਨਹੀਂ ਸੀ । ਉਸਨੂੰ ਚਾਹੀਦਾ ਸੀ ਕਿ ਨਿਮਰਤਾ ਤੇ ਮਿੰਨਤ ਨਾਲ ਕਹਿੰਦਾ ਕਿ ਉਸਨੇ ਉਨ੍ਹਾਂ ਦੀ ਕੋਠੀ ਨੂੰ ਨੇੜੇ ਸਮਝਿਆ ਸੀ , ਪਰ ਉਹ ਦੂਰ ਨਿਕਲੀ ਹੈ , ਉਸਨੂੰ ਪੰਜਾਹ ਪੈਸੇ ਹੋਰ ਦੇ ਦਿਓ ਤੇ ਉਹ ਉਸਨੂੰ ਉਸਦੀ ਪਤਨੀ ਤੋਂ ਮਿਲ ਵੀ ਜਾਣੇ ਸਨ , ਜੋ ਤੁਰੇ ਜਾਂਦੇ ਗ਼ਰੀਬ - ਗੁਰਬੇ ਨੂੰ ਚਾਹ ਅਤੇ ਰੋਟੀ ਦਿੰਦੀ ਰਹਿੰਦੀ ਹੈ । ਪਰ ਪੁਆੜਾ ਇਸ ਕਰਕੇ ਪਿਆ ਸੀ ਕਿਉਂਕਿ ਉਸਨੇ ਰੁਪਏ ਸੁੱਟ ਦਿੱਤੇ ਸਨ ਤੇ ਕਥਾਵਾਚਕ ਉਸ ਨਾਲ ਗਰਮ ਹੋ ਪਿਆ ਸੀ ।

ਇਸ ਪਿੱਛੋਂ ਕਥਾਵਾਚਕ ਦੀ ਪਤਨੀ ਨੇ ਉਸ ਤੋਂ ਚੋਰੀ - ਚੋਰੀ ਰਸੋਈ ਵਿਚੋਂ ਬਾਹਰ ਨਿਕਲ ਕੇ ਦੇਖਿਆ ਕਿ ਰਿਕਸ਼ੇਵਾਲਾ ਕੋਠੀ ਦੇ ਬਾਹਰ ਹੀ ਖੜ੍ਹਾ ਸੀ । ਪਤਨੀ ਰਸੋਈ ਵਿਚ ਚਾਹ ਬਣਾਉਣ ਲੱਗ ਪਈ । ਕਥਾਵਾਚਕ ਆਪਣੀ ਭੂਆ ਦੇ ਪੁੱਤਰ . ਜੋ ਕਿ ਜੰਗਲਾਤ ਅਫ਼ਸਰ ਸੀ , ਨੂੰ ਫਰਨੀਚਰ ਬਣਵਾ ਕੇ ਭੇਜਣ ਲਈ ਚਿੱਠੀ ਲਿਖਣ ਦਾ ਯਤਨ ਕਰ ਰਿਹਾ ਸੀ , ਜੋ ਕਿ ਕਈ ਦਿਨਾਂ ਤੋਂ ਅਧੂਰੀ ਪਈ ਸੀ । ਉਹ ਸਾਈਜ਼ ਤੇ ਡਿਜ਼ਾਈਨ ਸੰਬੰਧੀ ਉਲਝੀ ਗੱਲ ਬਾਰੇ ਸੋਚ ਰਿਹਾ ਸੀ ਕਿ ਉਸਦੀ ਬੇਚੈਨ ਹੋਈ ਪਤਨੀ ਨੇ ਦੱਸਿਆ ਕਿ ਰਿਕਸ਼ੇ ਵਾਲਾ ਕੋਠੀ ਦੇ ਬਾਹਰ ਹੀ ਖੜ੍ਹਾ ਹੈ । ਕਥਾਵਾਚਕ ਚਾਹੁੰਦਾ ਸੀ ਕਿ ਉਸਦੀ ਪਤਨੀ ਉਸਦਾ ਧਿਆਨ ਹੀ ਨਾ ਕਰੇ , ਪਰ ਚਿੱਠੀ ਉਸ ਤੋਂ ਵੀ ਨਹੀਂ ਸੀ ਲਿਖੀ ਜਾ ਰਹੀ । ਉਹ ਆਪ ਕਈ ਵਾਰੀ ਬਾਰੀ ਵਿਚੋਂ ਬਾਹਰ ਦੇਖ ਚੁੱਕਾ ਸੀ । ਰਿਕਸ਼ੇ ਵਾਲਾ ਆਪਣੇ ਰਿਕਸ਼ੇ ਦਾ ਰੁਖ ਪਾਰਕ ਵਲ ਕਰਕੇ ਉੱਥੇ ਹੀ ਖੜ੍ਹਾ ਸੀ । ਉਸਨੇ ਇਕ ਵਾਰੀ ਵੀ ਉਨ੍ਹਾਂ ਵਲ ਨਹੀਂ ਸੀ ਦੇਖਿਆ । ਸ਼ਕਲ ਤੋਂ ਉਹ ਕੋਈ ਜੁਰਾਇਮ - ਪੇਸ਼ਾ ਬੰਦਾ ਲਗਦਾ ਸੀ ।

ਜਦੋਂ ਉਸਨੇ ਆਨੇ ਕੱਢ ਕੇ ਕਥਾਵਾਚਕ ਵਲ ਦੇਖਿਆ ਸੀ ਤੇ ਉਸਦੀ ਪਤਨੀ ਦੇ ਦਿੱਤੇ ਦੋ ਰੁਪਏ ਵਗਾਹ ਮਾਰੇ ਸਨ , ਤਾਂ ਕਥਾਵਾਚਕ ਦਾ ਦਿਲ ਕਰਦਾ ਸੀ ਕਿ ਉਸਨੂੰ ਵਾਲਾਂ ਤੋਂ ਫੜ ਕੇ ਥੱਲੇ ਸੁੱਟ ਲਵੇ ਤੇ ਉਸਦੀਆਂ ਸੁੱਕੀਆਂ ਬਾਹਾਂ ਨੂੰ ਮਰੋੜ ਸੱਟੇ । ਪਰ ਉਸਦੀ ਪਤਨੀ ਨੇ ਉਸਨੂੰ ਰੋਕ ਦਿੱਤਾ ਸੀ ਤੇ ਨਾਲ ਹੀ ਕਥਾਵਾਚਕ ਇਹ ਸੋਚ ਕੇ ਚੁੱਪ ਕਰ ਗਿਆ ਸੀ ਕਿ ਇਸ ਕਮੀਨੇ ਨੂੰ ਹੱਥ ਲਾਉਣ ਨਾਲ ਤੇ ਅੱਗੋਂ ਉਸਦੇ ਗਾਲੀ - ਗਲੋਚ ਕਰਨ ਨਾਲ ਉਸਦੀ ਇੱਜ਼ਤ ਖ਼ਰਾਬ ਹੋ ਸਕਦੀ ਹੈ । ਉਂਵ ਕਥਾਵਾਚਕ ਬੇਇਨਸਾਫ਼ੀ ਵੀ ਸਹਿ ਨਹੀਂ ਸੀ ਸਕਦਾ , ਜਿਹੜੀ ਕਿ ਰਿਕਸ਼ੇ ਵਾਲੇ ਪੈਸੇ ਲੈਣ ਸਮੇਂ ਆਮ ਕਰਕੇ ਕਰਦੇ ਰਹਿੰਦੇ ਹਨ |

ਕਥਾਵਾਚਕ ਦੀ ਪਤਨੀ ਚਾਹ ਦਾ ਕੱਪ ਲੈ ਕੇ ਉਸ ( ਪਤੀ ) ਦੇ ਕੋਲ ਆਈ ਤੇ ਬਹਾਨੇ ਨਾਲ ਫਿਰ ਉਸਨੂੰ ਦੇਖ ਆਈ । ਉਸਨੇ ਕਥਾਵਾਚਕ ਨੂੰ ਕਿਹਾ ਕਿ ਉਨ੍ਹਾਂ ਨੂੰ ਸਾਰੀ ਗੱਲ ਛੱਡ ਕੇ ਤਿੰਨ ਰੁਪਏ ਹੀ ਦੇ ਦੇਣੇ ਚਾਹੀਦੇ ਹਨ ਪਰ ਕਥਾਵਾਚਕ ਇਸ ਗੱਲ ਨਾਲ ਸਹਿਮਤ ਨਾ ਹੋਇਆ । ਉਸਦੀ ਪਤਨੀ ਕਹਿ ਰਹੀ ਸੀ ਕਿ ਉਹ ਗ਼ਰੀਬ ਹੈ । ਸਾਡੇ ਕੋਲੋਂ ਪੈਸੇ ਕਿਤੇ ਡਿਗ ਵੀ ਪੈਂਦੇ ਹਨ । ਬੱਚੇ ਇਕ - ਦੋ ਰੁਪਏ ਹਰ ਰੋਜ਼ ਖ਼ਰਚ ਕਰ ਦਿੰਦੇ ਹਨ । ਉਂਝ ਉਸਦੀ ਗੱਲ ਕਥਾਵਾਚਕ ਨੂੰ ਠੀਕ ਵੀ ਲੱਗਦੀ ਸੀ , ਜਿਹੜਾ ਕਿ ਹਰ ਰੋਜ਼ ਢਾਈ - ਤਿੰਨ ਰੁਪਇਆਂ ਦੀਆਂ ਸਿਗਰਟਾਂ ਫੂਕ ਛੱਡਦਾ ਸੀ ਤੇ ਮਹੀਨੇ ਵਿਚ ਦੋ - ਤਿੰਨ ਵਾਰੀ ਸਿਨਮਾ ਦੇਖਣ ਜਾਂਦਾ ਸੀ । ਫਿਰ ਕਥਾਵਾਚਕ ਦੇ ਪੁੱਤਰ ਨੇ ਦੱਸਿਆ ਕਿ ਰਿਕਸ਼ੇ ਵਾਲਾ ਉੱਥੇ ਹੀ ਖੜਾ ਹੈ ਤੇ ਉਹ ਇਕ ਬੰਦੇ ਦੇ ਪੁੱਛਣ ਤੇ ਵੀ ਉਸਨੂੰ ਕੰਪਨੀ ਬਾਗ਼ ਲੈ ਕੇ ਨਹੀਂ ਗਿਆ । ਇਹ ਸੁਣ ਕੇ ਕਥਾਵਾਚਕ ਨੂੰ ਰਿਕਸ਼ੇ ਵਾਲੇ ਦੇ ਰਵੱਈਏ ਉੱਤੇ ਗੁੱਸਾ ਆਇਆ , ਜਿਹੜਾ ਇਕ ਰੁਪਏ ਪਿੱਛੇ ਆਪਣਾ ਸਮਾਂ ਤੇ ਕਮਾਈ ਬਰਬਾਦ ਕਰ ਰਿਹਾ ਸੀ । ਇਹ ਗੱਲਾਂ ਸੋਚਦਿਆਂ ਉਸਦੀ ਚਿੱਠੀ ਅਧੂਰੀ ਹੀ ਪਈ ਸੀ । ਉਸਨੂੰ ਰਿਕਸ਼ੇ ਵਾਲੇ ਦੇ ਖੜ੍ਹਾ ਰਹਿਣ ਦੀ ਚਿੰਤਾ ਹੋ ਰਹੀ ਸੀ ਪਰ ਉਹ ਆਪਣੀ ਪਤਨੀ ਨੂੰ ਕਹਿ ਰਿਹਾ ਸੀ ਕਿ ਉਹ ਆਪੇ ਹੀ ਥੱਕ - ਹਾਰ ਕੇ ਚਲਾ ਜਾਵੇਗਾ । ਪਤਨੀ ਦੋ ਕੱਪ ਚੁੱਕ ਕੇ ਰਸੋਈ ਵਿਚ ਜਾਣ ਮਗਰੋਂ ਕਥਾਵਾਚਕ ਨੇ ਬਾਰੀ ਵਿਚੋਂ ਦੇਖਿਆ ਕਿ ਕੋਈ ਹੋਰ ਰਿਕਸ਼ੇ ਵਾਲਾ ਉਸ ਕੋਲ ਖੜਾ ਸੀ ਤੇ ਉਸ ਨਾਲ ਗੱਲ ਕਰ ਕੇ ਕਾਹਲੀ ਵਿਚ ਅੱਡੇ ਵਲ ਚਲਾ ਗਿਆ ਸੀ । ਕਥਾਵਾਚਕ ਇਹ ਸੋਚ ਕੇ ਡਰ ਰਿਹਾ ਸੀ ਕਿ ਕਿਤੇ ਉਹ ਆਪਣੇ ਸਾਥੀਆਂ ਨੂੰ ਨਾ ਬੁਲਾਉਣ ਗਿਆ ਹੋਵੇ । ਪਰ ਬਾਹਰੋਂ ਇਹ ਜ਼ਾਹਰ ਕਰ ਰਿਹਾ ਸੀ , ਜਿਵੇਂ ਉਸਨੂੰ ਉਸਦੀ ਕੋਈ ਪਰਵਾਹ ਨਾ ਹੋਵੇ ।

ਪਤਨੀ ਫਿਰ ਆਈ ਤੇ ਕਹਿਣ ਲੱਗੀ ਕਿ ਚੰਗਾ ਹੁੰਦਾ , ਜੋ ਉਹ ਰਿਕਸ਼ੇ ਵਾਲੇ ਨੂੰ ਚਾਹ ਦਾ ਕੱਪ ਪਿਲਾ ਦਿੰਦੀ । ਹੁਣ ਡੋਲ੍ਹਣੀ ਪਈ ਹੈ । ਉਹ ਸਮਝੌਤੇ ਦਾ ਕੋਈ ਰਾਹ ਲੱਭ ਰਹੀ ਸੀ । ਉਹ ਪਤੀ ਨੂੰ ਕਹਿ ਰਹੀ ਸੀ ਕਿ ਜੇਕਰ ਰਾਤ ਹੋਵੇ ਤੇ ਮੀਂਹ ਪੈਂਦਾ ਹੋਵੇ , ਤਾਂ ਉਹ ਰਿਕਸ਼ੇ ਵਾਲੇ ਨੂੰ ਤਿੰਨ ਰੁਪਏ ਹੀ ਦਿੰਦੇ ਹਨ । ਕਥਾਵਾਚਕ ਨੇ ਸਖ਼ਤੀ ਨਾਲ ਉਸਦੀ ਗੱਲ ਨੂੰ ਕੱਟਦਿਆਂ ਕਿਹਾ ਕਿ ਹੁਣ ਕੋਈ ਮੀਂਹ ਨਹੀਂ ਪੈ ਰਿਹਾ । ਇਹ ਗੱਲ ਕਰਦਿਆਂ ਉਸਨੇ ਦੋ - ਤਿੰਨ ਸਤਰਾਂ ਲਿਖ ਕੇ ਚਿੱਠੀ ਅਧੂਰੀ ਹੀ ਪੂਰੀ ਕਰ ਦਿੱਤੀ ।

ਉਸਨੂੰ ਆਪਣੀ ਪਤਨੀ ਦੀ ਇਸ ਆਦਤ ' ਤੇ ਖਿਝ ਆ ਰਹੀ ਸੀ ਕਿ ਜਦੋਂ ਵੀ ਕੋਈ ਮਜ਼ਦੂਰ ਝਗੜਾ ਪਾ ਬੈਠੇ , ਤਾਂ ਵੱਧ ਪੈਸੇ ਦੇ ਕੇ ਖਲਾਸੀ ਪਾ ਲਈ ਜਾਵੇ । ਅੱਡੇ ਉੱਤੇ ਬੈਠੇ ਮੰਗਤੇ ਦੀ ਇਹ ਗੱਲ ਮੰਨ ਲਓ ਕਿ ਪੰਡ਼ੀ ਪੇਸ਼ੇ ਦਾ ਪਾਨ ਖਾ ਕੇ ਵੀ ਤੁਸੀਂ ਥੁੱਕ ਦਿੰਦੇ ਹੋ , ਇਸ ਗ਼ਰੀਬ ਦੀ ਤਲੀ ਉੱਤੇ ਵੀ ਥੁੱਕ ਦਿਓ । ਕਥਾਵਾਚਕ ਗੁੱਸੇ ਨਾਲ ਉੱਠਿਆ ਤੇ ਰਿਕਸ਼ੇ ਵਾਲੇ ਨੂੰ ਪੁੱਛਣਾ ਚਾਹੁੰਦਾ ਸੀ ਕਿ ਉਸਨੇ ਜਾਣਾ ਹੈ ਜਾਂ ਨਹੀਂ ਕਿ ਉਹ ਪੁਲਿਸ ਕੋਲ ਉਸ ਵਿਰੁੱਧ ਸ਼ਕਾਇਤ ਕਰੇ ਪਰ ਜਦੋਂ ਉਸਨੇ ਵਰਾਂਡੇ ਵਿਚ ਆ ਕੇ ਦੇਖਿਆ , ਤਾਂ ਰਿਕਸ਼ੇ ਵਾਲਾ ਜਾ ਚੁੱਕਾ ਸੀ । ਉਸਨੇ ਪਤਨੀ ਨੂੰ ਅਵਾਜ਼ ਮਾਰੀ , ਤਾਂ ਉਹ ਧਰਮ - ਪੋਥੀ ਪੜ੍ਹ ਰਹੀ ਸੀ । ਰਿਕਸ਼ੇ ਵਾਲੇ ਦੇ ਜਾਣ ਬਾਰੇ ਸੁਣ ਕੇ ਉਸਨੇ ਧਰਮ - ਪੋਥੀ ਵਰਾਂਡੇ ਦੀ ਬੰਨੀ ਉੱਤੇ ਰੱਖ ਦਿੱਤੀ । ਹੁਣ ਉਹ ਦੋਵੇਂ ਲਾਅਨ ਵਿਚ ਨਿਸ਼ਚਿੰਤ ਹੋ ਕੇ ਬੈਠ ਗਏ । ਕਥਾਵਾਚਕ ਨੇ ਰਾਤੀਂ ਫ਼ਿਲਮ ਵੇਖਣ ਦੀ ਤਜਵੀਜ਼ ਰੱਖੀ । ਪਤਨੀ ਨੇ ਕਿਹਾ , ਉਹ ਹੁਣ ਉਹ ਤਿੰਨ ਰੁਪਏ ਜਿਹੜੇ ਰਿਕਸ਼ੇ ਵਾਲੇ ਨੂੰ ਦੇਣੇ ਸਨ ਪਿੰਗਲਵਾੜੇ ਨੂੰ ਦੇ ਦੇਣਗੇ ਤੇ ਜਿਹੜੇ ਪੰਜਾਹ ਪੈਸੇ ਉਸਨੂੰ ਵੱਧ ਦੇਣ ਦੀ ਗੱਲ ਕਹੀ ਸੀ ਉਹ ਪੰਜਾਹ ਪੈਸੇ ਅੱਡੇ ਵਾਲੇ ਮੰਗਤੇ ਨੂੰ ਦੇ ਦੇਣਗੇ । ਕਥਾਵਾਚਕ ਨੇ ਉਸ ਨਾਲ ਸਹਿਮਤੀ ਪ੍ਰਗਟ ਕੀਤੀ ਤੇ ਦੋਵੇਂ ਮੁਸਕਰਾ ਪਏ । ਕਹਾਣੀਕਾਰ ਦੀ ਘਰ ਵਾਲੀ ਤੇ ਉਸਦੀ ਪਤਨੀ ਵੀ ਮਾੜੇ ਪਾਤਰ ਹਨ । ਕਹਾਣੀਕਾਰ ਨੇ ਦੋਹਾਂ ਨੂੰ ਮਾੜੇ ਬੰਦੇ ਹੋਣ ਕਰਕੇ ਵਿਅੰਗਾਤਮਿਕ ਰੂਪ ਵਿਚ ਪੇਸ਼ ਕੀਤਾ ਹੈ । ਦੂਜੇ ਪਾਤਰ ਰਿਕਸ਼ੇ ਵਾਲਾ ਵੀ ਬੇਸ਼ਕ ਗ਼ਰੀਬ ਹੈ , ਪਰ ਉਹ ਕੀਤੀ ਗੱਲ ਤੋਂ ਮੁੱਕਰ ਜਾਣ ਵਾਲਾ , ਬੇਅਕਲ ਤੇ ਝੂਠੇ ਸਵੈ - ਮਾਣ ਵਾਲਾ ਹੋਣ ਕਰਕੇ ਮਾੜਾ ਬੰਦਾ ਹੈ ।

ਇਸ ਪ੍ਰਕਾਰ ਇਸ ਕਹਾਣੀ ਵਿਚ ਕਹਾਣੀਕਾਰ ਨੇ ਸਾਡੇ ਸਮਾਜ ਦੇ ਪਾਤਰਾਂ ਦੇ ਮਾੜੇ ਕਿਰਦਾਰ ਦੀ ਝਲਕ ਪੇਸ਼ ਕੀਤੀ ਹੈ , ਜਿਸ ਵਿਚੋਂ ਮੱਧ - ਸ਼੍ਰੇਣਿਕ ਪਾਤਰ ਉਸਦੇ ਵਿਅੰਗ ਦਾ ਨਿਸ਼ਾਨਾ ਬਣੇ ਹਨ । ਇਸ ਪ੍ਰਕਾਰ ਕਹਾਣੀ ਦਾ ਵਿਸ਼ਾ ਯਥਾਰਥਕ ਮਨੋਵਿਗਿਆਨਿਕ ਤੇ ਵਿਅੰਗਾਤਮਿਕ ਹੈ ।

**ਪ੍ਰਸ਼ਨ 5. ਗੁਲਜਾਰ ਸਿੰਘ ਸੰਧੂ ਦੀ ਕਹਾਣੀ " ਘਰ ਜਾ ਆਪਣੇ ' ਨੂੰ ਸੰਖੇਪ ਕਰ ਕੇ ਆਪਣੇ ਸ਼ਬਦਾਂ ਵਿਚ ਲਿਖੋ। ਜਾਂ 'ਘਰ ਜਾ ਆਪਣੇ ' ਕਹਾਣੀ ਦਾ ਸੰਖੇਪ ਸਾਰ ਲਿਖੋ ।**

ਉੱਤਰ -' **ਘਰ ਜਾਹ ਆਪਣੇ** ' ਕਹਾਣੀ ਪ੍ਰਸਿੱਧ ਕਹਾਣੀਕਾਰ '**ਗੁਲਜ਼ਾਰ ਸਿੰਘ ਸੰਧੂ** 'ਦੀ ਰਚਨਾ ਹੈ। ਇਸ ਕਹਾਣੀ ਵਿੱਚ ਪੰਜਾਬੀਆਂ ਦੇ ਰੀਤੀ ਰਿਵਾਜ ਅਤੇ ਪੰਜਾਬ ਦੇ ਪੇਂਡੂ ਸੱਭਿਆਚਾਰ ਦਾ ਚਿਤਰਨ ਪੇਸ਼ ਕੀਤਾ ਗਿਆ ਹੈ। ਉਸ ਸਮੇਂ ਦੇ ਵਿਆਹ ਦੇ ਮਾਹੌਲ ਅਤੇ ਆਪਸੀ ਰਿਸ਼ਤਿਆਂ ਨੂੰ ਇਹ ਕਹਾਣੀ ਉਜਾਗਰ ਕਰਦੀ ਹੈ। ਵਿਆਹ ਨਾਲ ਸੰਬੰਧਿਤ ਰਸਮਾਂ , ਤਿਆਰੀਆਂ ਅਤੇ ਭੈਣ - ਭਰਾ ਦੇ ਪਿਆਰ ਤੇ ਮਾਣ - ਮਰਯਾਦਾ ਨੂੰ ਬਹੁਤ ਸ਼ਿੱਦਤ ਨਾਲ ਇਹ ਕਹਾਣੀ ਬਿਆਨ ਕਰਦੀ ਹੈ।

ਘਰ ਵਿਚ ਪਿਛਲੇ ਚਾਲੀ ਸਾਲਾਂ ਤੋਂ ਕਿਸੇ ਮੁੰਡੇ ਦਾ ਵਿਆਹ ਨਹੀਂ ਸੀ ਹੋਇਆ | ਸਾਰੇ ਅੰਗ ਸਾਕ ਚਾਹੁੰਦੇ ਸਨ ਕਿ ਜੀਤੋ ਦੇ ਵੀਰ ਦਾ ਵਿਆਹ ਹੋਵੇ ਤੇ ਸਾਰੇ ਇਕੱਠੇ ਹੋਣ , ਪਰੰਤੂ ਉਹ ਵਿਆਹ ਲਈ ਮੰਨਦਾ ਹੀ ਨਹੀਂ ਸੀ। ਅਖੀਰ ਘਰਦਿਆਂ ਨੇ ਆਪਣਾ ਚਾਅ ਪੂਰਾ ਕਰਨ ਲਈ ਆਪਣੇ ਵੀਰ ਤੋਂ ਅੱਠ - ਦਸ ਸਾਲ ਛੋਟੀ ਜੀਤੋ ਦਾ ਹੀ ਵਿਆਹ ਧਰ ਦਿੱਤਾ। ਉਹ ਇਸ ਸਮੇਂ ਸਤਾਰ੍ਹਵੇਂ ਸਾਲ ਵਿਚ ਸੀ। ਹੌਲੀ - ਹੌਲੀ ਵਿਆਹ ਸਿਰ ਉੱਤੇ ਆ ਗਿਆ। ਵਿਆਹ ਸੰਬੰਧੀ ਘਰ ਤੋਂ ਬਾਹਰਲੇ ਸਾਰੇ ਕੰਮਾਂ ਦਾ ਪ੍ਰਬੰਧ ਕਰਨ ਵਿਚ ਜੀਤੋ ਦੇ ਵੀਰ ਦੀ ਮੱਤ ਮਾਰੀ ਗਈ ਸੀ। ਵਿਆਹ ਵਿਚ ਕੇਵਲ ਇਕ ਦਿਨ ਹੀ ਰਹਿ ਗਿਆ ਸੀ ਤੇ ਅਜੇ ਤਕ ਆਨੰਦ ਕਾਰਜ ' ਤੇ ਆਉਣ ਵਾਲੇ ਰਾਗੀਆਂ , ਖਾਣੇ ਦੇ ਮੇਜ਼ - ਕੁਰਸੀਆਂ ਤੇ ਫਲ - ਫਰੂਟ , ਕਰਾਕਰੀ ਅਤੇ ਬਰਾਤ ਲਈ ਬਿਸਤਰਿਆਂ ਦਾ ਕੰਮ ਸਿਰ ' ਤੇ ਪਿਆ ਸੀ।

ਸ਼ਾਮ ਵੇਲੇ ਨਾਨਕੇ , ਨਾਨਕੀ ਛੱਕ ਲੈ ਕੇ ਆ ਗਏ ਤੇ ਭੂਆ ਵੀ ਪਹੁੰਚ ਗਈਆਂ। ਸਰਦਾ - ਬਣਦਾ ਕੰਨਿਆ ਦਾਨ ਲੈ ਕੇ ਹੋਰ ਅੰਗ - ਸਾਕ ਵੀ ਪਹੁੰਚ ਗਏ। ਜੀਤੋ ਆਪਣੀਆਂ ਸਹੇਲੀਆਂ , ਬਚਪਨ , ਤ੍ਰਿੰਵਣ ਤੇ ਝੂਟੀਆਂ ਪੀਂਘਾਂ ਸੰਬੰਧੀ ਸੋਚਦੀ ਉਦਾਸ ਹੋ ਗਈ। ਦੂਜੇ ਦਿਨ ਜੀਤੋ ਨੂੰ ਸਵੇਰੇ ਤਿੰਨ ਵਜੇ ਉਠਾਲ ਕੇ ਫੇਰਿਆਂ ਵਾਲਾ ਸੂਟ ਪਾ ਕੇ , ਲਾਲ ਪਰਾਂਦਾ ਉਸਦੀ ਗੁੱਤ ਵਿਚ ਗੁੰਦ ਕੇ ਅਤੇ ਸਹੁਰਿਆਂ ਤੇ ਨਾਨਕਿਆਂ ਵਲੋਂ ਆਏ ਗਹਿਣਿਆਂ ਨਾਲ ਸ਼ਿੰਗਾਰ ਦਿੱਤਾ ਗਿਆ। ਉਸਨੂੰ ਇਹ ਸੋਚ ਕੇ ਰੋਣ ਆ ਗਿਆ ਕਿ ਸਾਰੇ ਅੰਗ - ਸਾਕ ਤੇ ਸਖੀਆਂ ਸਹੇਲੀਆਂ ਉਸਨੂੰ ਉਸਦੀ ਜਨਮ ਭੋਂ ਵਿਚੋਂ ਕੱਢਣ ਦੀਆਂ ਤਿਆਰੀਆਂ ਕਰ ਰਹੇ ਹਨ।

ਰੋਂਦੀ - ਕੁਰਲਾਉਂਦੀ ਜੀਤੋ ਨੂੰ ਚੁੱਪ ਕਰਾ ਕੇ ਆਨੰਦ ਕਾਰਜ ਲਈ ਬਿਠਾ ਦਿੱਤਾ ਗਿਆ। ਹੁਣ ਉਸਨੂੰ ਵਿਆਹ ਕੇ ਲਿਜਾਣ ਵਾਲਾ ਉਸਦੇ ਨਾਲ ਬੈਠਾ ਸੀ। ਆਨੰਦ ਕਾਰਜ ਕਰਾਉਣ ਵਾਲਾ ਭਾਈ ਉਸਨੂੰ ਸਹੁਰੇ ਘਰ ਜਾ ਕੇ ਅਧੀਨਗੀ ਤੇ ਨਿਮਰਤਾ ਵਾਲਾ ਜੀਵਨ ਗੁਜਾਰਨ ਦੀ ਸਿੱਖਿਆ ਦੇ ਰਿਹਾ ਸੀ। ਉਸਨੇ ' ਨਿਵਣੁ ਸੁ ਅਖਰੁ ਖਵਣੁ ਗੁਣ .........ਵਾਲੀਆਂ ਤੁਕਾਂ ਇੰਨੇ ਵੈਰਾਗ ਨਾਲ ਕਹੀਆਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੀਆਂ ਸਾਰੀਆਂ ਕੁਆਰੀਆਂ ਕੁੜੀਆਂ ਉਦਾਸ ਹੋ ਗਈਆਂ। ਉਨ੍ਹਾਂ ਨੂੰ ਉਸ ਸਮੇਂ ਦੇ ਖ਼ਿਆਲ ਆਉਣ ਲੱਗੇ , ਜਦੋਂ ਉਨ੍ਹਾਂ ਨੇ ਵੀ ਆਪਣੇ ਮਾਪਿਆਂ ਦਾ ਘਰ ਛੱਡ ਕੇ ਕਿਸੇ ਅਣਜਾਣ ਬੰਦੇ ਦੇ ਘਰ ਜਾ ਵਸਣਾ ਸੀ।

ਸੰਗਤ ਵਿਚ ਉਸ ਸਮੇਂ ਹੋਰ ਵੀ ਉਦਾਸੀ ਛਾ ਗਈ ਜਦੋਂ ਹਾਰਮੋਨੀਅਮ ਵਾਲੇ ਇਕ ਗਵੱਈਏ ਨੇ ਇਕ ਫ਼ਿਲਮੀ ਤਰਜ਼ ਉੱਤੇ ਕੁੜੀ ਦੇ ਆਉਣ ਵਾਲੇ ਸਮੇਂ ਦਾ ਚਿੱਤਰ ਬੜੇ ਦਰਦਮਈ ਸ਼ਬਦਾਂ ਵਿਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਕਿ ਕਿਸ ਤਰਾਂ ਉਹ ਸਹੁਰੇ ਘਰ ਬੈਠੀ ਮਾਪਿਆਂ ਤੇ ਵੀਰਾਂ ਨੂੰ ਮਿਲਣ ਲਈ ਤਾਂਘੇਗੀ , ਬਨੇਰੇ ਤੋਂ ਕਾਂ ਉੱਡਾਵੇਗੀ , ਪਰ ਉਹ ਨਹੀਂ ਬਹੁੜਨਗੇ। ਗਵਈਏ ਦੇ ਇਨ੍ਹਾਂ ਬੋਲਾਂ ਨੇ ਸਾਰੀ ਸੰਗਤ ਦੀਆਂ ਅੱਖਾਂ ਵਿਚ ਹੰਝੂ ਲੈ ਆਂਦੇ। ਉਸਦੇ ਬੋਲਾਂ ਦਾ ਜੀਤੋ ਦੇ ਵੀਰ ਉੱਤੇ ਇੰਨਾ ਅਸਰ ਹੋਇਆ ਕਿ ਉਸਨੇ ਗਾਉਣ ਵਾਲੇ ਨੂੰ ਝਿੜਕਵੇਂ ਲਹਿਜ਼ੇ ਵਿਚ ਬੋਲ ਕੇ ਉਸਦਾ ਗਾਣਾ ਬੰਦ ਕਰਵਾ ਦਿੱਤਾ।

ਅਨੰਦ ਕਾਰਜ ਦੀ ਰਸਮ ਪੂਰੀ ਹੋ ਗਈ ਤੇ ਜੀਤੋ ਦੇ ਵੀਰ ਨੇ ਉਸਨੂੰ ਮਹਾਰਾਜ ਦੀ ਹਜ਼ੂਰੀ ਵਿਚ ਉਠਾਲਿਆ ਅਤੇ ਲਿਜਾ ਕੇ ਘਰ ਦੇ ਅੰਦਰਲੇ ਕਮਰੇ ਵਿਚ ਬਿਠਾ ਦਿੱਤਾ | ਜੀਤੋ ਨੇ ਰੋ - ਰੋ ਕੇ ਆਪਣੀਆਂ ਅੱਖਾਂ ਸਜਾ ਲਈਆਂ ਸਨ ਤੇ ਉਸਦਾ ਚੋਪ ਹੰਝੂਆਂ ਨਾਲ ਤਰ ਹੋਇਆ ਪਿਆ ਸੀ। ਬਰਾਤੀਆ ਤੇ ਮੇਲੀਆਂ ਦੇ ਰੋਟੀ ਖਾਣ ਮਗਰੋਂ ਖੱਟ ਵਿਛਾ ਦਿੱਤੀ ਗਈ। ਇਸ ਸਮੇਂ ਜੀਤੋ ਦੇ ਵੀਰ ਨੂੰ ਅਨੰਦ ਕਾਰਜ ਸਮੇਂ ਦੀ ਉਦਾਸੀ ਤੇ ਜੀਤੋ ਦੇ ਹੰਝੂ ਭੁਲ - ਭੁਲਾ ਚੁੱਕੇ ਸਨ।

ਹੁਣ ਜੀਤੋ ਦੀ ਵਿਦਾਇਗੀ ਦੀ ਤਿਆਰੀ ਸ਼ੁਰੂ ਹੋਈ। ਵਿਆਂਹਦੜ ਮੁੰਡੇ ਨੂੰ ਬੁਲਾ ਕੇ ਅੰਗਾਂ - ਸਾਕਾਂ ਨੇ ਸਲਾਮੀਆਂ ਪਾਈਆਂ ਤੇ ਜੀਤੋ ਦੀ ਮਾਂ ਨੇ ਪਿਆਰ ਦਾ ਸ਼ਗਨ ਉਸਦੀ ਝੋਲੀ ਪਾਇਆ। ਜੀਤੋ ਦੀਆਂ ਸਹੇਲੀਆਂ ਜੀਜੇ ਨੂੰ ਮਖ਼ੌਲ ਕਰ ਰਹੀਆਂ ਸਨ। ਜੀਤੋ ਦੀ ਪੰਜਵੀਂ ਦੀ ਜਮਾਤਣ ਇਕ ਗੂੜ੍ਹੀ ਸਹੇਲੀ ਗਵਾਂਢੀ ਪਿੰਡ ਤੋਂ ਆਈ ਸੀ। ਉਸਨੇ ਜੀਤੋ ਦੇ ਵੀਰ ਨੂੰ ਰੋਂਦਿਆਂ ਕਿਹਾ ਕਿ ਉਹ ਜੀਤੋ ਦੇ ਨਾਲ ਉਸਦੇ ਸਹੁਰੀਂ ਜਾਵੇ ਪਰ ਜੀਤੋ ਦੇ ਵੀਰ ਨੇ ਉਸਨੂੰ ਝਿੜਕ ਦਿੱਤਾ। ਜੀਤੋ ਦਾ ਵੀਰ ਆਪਣੀ ਮਾਂ ਤੇ ਉਸਦੇ ਤਾਏ ਦੀ ਵੱਡੀ ਧੀ ਨੇ ਵੀ ਉਸਨੂੰ ਇਹ ਗੱਲ ਕਹੀ ਤਾਂ ਵੀ ਉਸਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਉਸਦਾ ਸਭ ਤੋਂ ਛੋਟਾ ਭਰਾ ਜੀਤੋ ਦੇ ਨਾਲ ਜਾਵੇ।

ਹੁਣ ਸਾਰੀ ਜੰਞ ਵਿਦਾ ਹੋਣ ਲਈ ਬੱਸ ਵਿੱਚ ਬੈਠ ਗਈ ਸੀ। ਜੀਤੋ ਦਾ ਪ੍ਰਾਹੁਣਾ ਵੀ ਕਾਰ ਵਿਚ ਆ ਬੈਠਾ ਸੀ। ਜੀਤੋ ਰੋਣੋਂ ਨਹੀਂ ਸੀ ਹਟ ਰਹੀ ਅਤੇ ਉਸਦੀਆਂ ਸਹੇਲੀਆਂ ਤੇ ਛੋਟੀਆਂ ਭੈਣਾਂ ਵੀ ਬੁਰੀ ਤਰ੍ਹਾਂ ਰੋ ਰਹੀਆਂ ਸਨ | ਰੋਂਦੀ ਹੋਈ ਜੀਤੋ ਕਿਸੇ ਦੀ ਸਲਾਮੀ ਵੀ ਆਪਣੇ ਪੱਲੇ ਵਿਚ ਨਹੀਂ ਸੀ ਪੁਆ ਰਹੀ | ਉਸਦਾ ਵੀਰ

ਵੀ ਅਜੇ ਸਲਾਮੀ ਪਾਉਣ ਨਹੀਂ ਸੀ ਆਇਆਂ। ਉਸਦਾ ਵਿਚਾਰ ਸੀ ਕਿ ਉਹ ਜਦੋਂ ਜੀਤੋ ਕਾਰ ਵਿਚ ਬੈਠ ਜਾਵੇਗੀ , ਤਾਂ ਸਭ ਤੋਂ ਪਿੱਛੋਂ ਸਲਾਮੀ ਪਾ ਕੇ ਤੇ ਪਿਆਰ ਦੇ ਕੇ ਉਸਨੂੰ ਤੌਰ ਦੇਵੇਗਾ। ਪਰ ਉਹ ਆਪਣੇ ਪਿਓ , ਤਾਇਆਂ ਤੇ ਚਾਚਿਆਂ ਦੇ ਕਹਿਣ ' ਤੇ ਵੀ ਜੀਤੋ ਨਾਲ ਜਾਣ ਲਈ ਨਾ ਮੰਨਿਆ॥

ਜੰਵ ਤੁਰਨ ਵਿਚ ਦੇਰ ਹੋ ਰਹੀ ਸੀ। ਰਸਤਾ ਵੀ ਤੀਹ ਮੀਲ ਲੰਮਾ ਤੇ ਖਰਾਬ ਸੀ। ਸਾਢੇ ਪੰਜ ਵੱਜ ਚੁੱਕੇ ਸਨ। ਜੀਤੋ ਦੇ ਵੀਰ ਨੇ ਰੋਂਦੀ ਕੁਰਲਾਉਂਦੀ ਜੀਤੋ ਨੂੰ ਚੁੱਕਿਆ ਤੇ ਲਿਆ ਕੇ ਕਾਰ ਵਿਚ ਬਿਠਾ ਦਿੱਤਾ। ਹੁਣ ਉਹ ਆਪਣੀ ਨਿੱਕੀ ਭੈਣ ਨੂੰ ਸਲਾਮੀ ਪਾਉਂਣ ਲਈ ਆਪਣਾ ਬਟੂਆ ਫੋਲਣ ਲੱਗਾ | ਜੀਤੋ ਤੇ ਉਸਦੀਆਂ ਸਹੇਲੀਆਂ ਦੇ ਰੋਣ ਨੂੰ ਦੇਖ ਕੇ ਉਸਦਾ ਮਨ ਭਾਰਾ ਜਿਹਾ ਹੋ ਗਿਆ। ਫਿਰ ਉਸਨੂੰ ਚੇਤਾ ਆਇਆ ਕਿ ਕਿਸ ਤਰ੍ਹਾਂ ਉਹ ਆਪ ਵਿਆਹ ਤੋਂ ਡਰ ਜਾਂਦਾ ਸੀ। ਉਹ ਸੋਚਦਾ ਸੀ ਕਿ ਉਹ ਕਿਸੇ ਉਸ ਕੁੜੀ ਨੂੰ ਕਿਸ ਤਰ੍ਹਾਂ ਅਪਣਾ ਸਕਦਾ ਸੀ , ਜਿਸਨੂੰ ਉਹ ਨੇੜਿਓਂ ਜਾਣਦਾ ਨਹੀਂ ਸੀ। ਕਿਸੇ ਅਣਜਾਣ ਬੰਦੇ ਨੂੰ ਆਪਣਾ ਬਣਾ ਸਕਣਾ ਕਿੰਨਾ ਔਖਾ ਹੈ। ਹਾਲਾਂਕਿ ਉਸਦੀ ਪਤਨੀ ਨੇ ਉਸਦੇ ਘਰ ਆ ਕੇ ਭਾਰਤੀ ਮਰਿਯਾਦਾ ਦੇ ਅਨੁਸਾਰ ਉਸਦੀ ਦਾਸੀ ਬਣ ਕੇ ਹੀ ਰਹਿਣਾ ਸੀ। ਹੁਣ ਉਸ ਤੋਂ ਅੱਠ - ਦਸ ਵਰੇ ਛੋਟੀ ਭੈਣ ਕਿਸੇ ਅਣਜਾਣ ਮੁੰਡੇ ਕੋਲ ਉਸਦੇ ਹੁਕਮ ਵਿਚ ਦਾਸੀ ਬਣ ਕੇ ਰਹਿਣ ਲਈ ਜਾ ਰਹੀ ਸੀ। ਉਸਨੂੰ ਭਾਈ ਤੇ ਗਵਈਏ ਦੁਆਰਾ ਉਸਦੀ ਸਹੁਰੇ ਘਰ ਵਿਚਲੀ ਸਖਤੀ ਸੰਬੰਧੀ ਕਹੇ ਸਬਦ ਵੀ ਯਾਦ ਆ ਗਏ। ਉਸਨੂੰ ਇਹ ਵੀ ਯਾਦ ਆਇਆ ਕਿ ਉਸਨੇ ਉਸਨੂੰ ਕਦੇ ਕਿਸੇ ਗੱਲ ਤੋਂ ਤੰਗ ਨਹੀਂ ਸੀ ਰੱਖਿਆ ਤੇ ਉਹ ਨੀਲੋਖੇੜੀ ਵਿਚ ਘਰਦਿਆਂ ਤੋਂ ਦੂਰ ਦੋਵੇਂ ਕਿੰਨੇ ਪਿਆਰ ਨਾਲ ਰਹੇ ਸਨ। ਹੁਣ ਉਹ ਜੀਤੋ ਉਸ ਤੋਂ ਦੂਰ ਜਾ ਰਹੀ ਸੀ , ਜਿੱਥੇ ਉਸਨੂੰ ਮਿਲਣ ਲਈ ਸ਼ਾਇਦ ਉਸਨੇ ਛੇਤੀ ਨਹੀਂ ਸੀ ਜਾ ਸਕਣਾ।

ਇਨ੍ਹਾਂ ਵਿਚਾਰਾਂ ਨਾਲ ਉਸਦਾ ਮਨ ਉਦਾਸ ਹੋ ਗਿਆ। ਉਸਨੇ ਬਟੂਏ ਵਿੱਚੋਂ ਬਿਨਾਂ ਗਿਣੇ ਪੈਸੇ ਕੱਢੇ ਤੇ ਜੀਤੋ ਦੇ ਹੱਥ ਉੱਤੇ ਰੱਖ ਦਿੱਤੇ। ਚੁੱਪ ਕੀਤੀ ਜੀਤੋ ਫਿਰ ਫਿਸ ਪਈ ਤੇ ਉਸਨੇ ਹਥੇਲੀ ਉਹਲੇ ਰੁਪਏ ਕਾਰ ਦੇ ਬਾਹਰ ਸੁੱਟ ਕੇ ਆਪਣੇ ਵੀਰ ਨੂੰ ਜੱਫੀ ਪਾ ਲਈ। ਵੀਰ ਦਾ ਗੱਚ ਭਰ ਆਇਆ। ਉਸਨੇ ਡਰਾਈਵਰ ਨੂੰ ਕਾਰ ਸਟਾਰਟ ਕਰਨ ਦਾ ਇਸ਼ਾਰਾ ਕਰਦਿਆਂ ਆਪਣੇ ਛੋਟੇ ਭਰਾ ਨੂੰ ਜੀਤੋ ਕੋਲੋਂ ਉਠਾਲਿਆ ਤੇ ਆਪ ਉਸ ਨਾਲ ਬਹਿ ਗਿਆ। ਇਸ ਸਮੇਂ ਉਹ ਆਪਣੇ ਪਿਓ ਦੇ ਕਹਿਣ ਉੱਤੇ ਸਬਜ਼ੀ ਨਾਲ ਖ਼ਰਾਬ ਹੋਏ ਆਪਣੇ ਕੱਪੜੇ ਵੀ ਬਦਲਣ ਲਈ ਤਿਆਰ ਨਾ ਹੋਇਆ ਤੇ ਉਨ੍ਹਾਂ ਕੱਪੜਿਆਂ ਨਾਲ ਹੀ ਜੀਤੋ ਨਾਲ ਚਲਾ ਗਿਆ।

**ਪ੍ਰਸ਼ਨ 6. ' ਸਤੀਆਂ ਸੇਈਂ ' ਕਹਾਣੀ ਨੂੰ ਸੰਪੇਖ ਕਰ ਕੇ ਲਿਖੋ**

'**ਸਤੀਆਂ ਸੇਈਂ** '' ਕਹਾਣੀ ਪ੍ਰਸਿੱਧ ਕਹਾਣੀਕਾਰ '**ਦਲੀਪ ਕੌਰ ਟਿਵਾਣਾ** ' ਦੀ ਰਚਨਾ ਹੈ।ਇਸ ਕਹਾਣੀ ਵਿੱਚ ਲੇਖਕਾ ਨੇ ਸ਼ਹੀਦ ਭਗਤ ਸਿੰਘ ਦੀ ਮੰਗੇਤਰ ਦੇ ਮਨ ਦੀਆਂ ਭਾਵਨਾਵਾਂ ਨੂੰ ਬੜੇ ਭਾਵਪੂਰਤ ਢੰਗ ਨਾਲ ਵਿਅਕਤ ਕੀਤਾ ਹੈ। ਇੱਕ ਵਾਰ ਲੇਖਕਾ ਜਦੋਂ ਕਿਸੇ ਬੱਸ ਵਿੱਚ ਸਫ਼ਰ ਕਰ ਰਹੀ ਸੀ , ਉਸ ਦੌਰਾਨ ਇੱਕ ਮੰਗਤੇ ਦੇ ਮੂੰਹੋਂ ਭਗਤ ਸਿੰਘ ਦੀ ਮੰਗੇਤਰ ਬਾਰੇ ਗੀਤ ਸੁਣ ਕੇ ਲੇਖਿਕਾ ਆਪਣੀ ਕਲਪਨਾ ਦੇ ਵਹਿਣ ਵਿੱਚ ਵਹਿ ਤੁਰੀ। ਉਹ ਕਲਪਨਾ ਕਰਦੀ ਹੈ ਕਿ ਭਗਤ ਸਿੰਘ ਦੀ ਸ਼ਹੀਦੀ ਉਪਰੰਤ ਉਸ ਦੀ ਮੰਗੇਤਰ ਨੇ ਭਗਤ ਸਿੰਘ ਦੀ ਯਾਦ ਵਿੱਚ ਆਪਣਾ ਪੂਰਾ ਜੀਵਨ ਕਿਵੇਂ ਲੰਘਾ ਦਿੱਤਾ ਹੋਵੇਗਾ। ਲੇਖਿਕਾ ਮਨ ਹੀ ਮਨ ਵਿੱਚ ਭਗਤ ਸਿੰਘ ਦੀ ਮੰਗੇਤਰ ਪ੍ਰਤੀ ਨਤਮਸਤਕ ਹੁੰਦੀ ਹੈ ਤੇ ਸੋਚਦੀ ਹੈ ਕਿ ਅਸਲ ਵਿੱਚ ਉਹ ਔਰਤ ਸਹੀ ਅਰਥਾਂ ਵਿੱਚ ਜਿਉਂਦੇ - ਜੀਅ ਸਤੀ ਹੋ ਗਈ।

ਗੱਡੀ ਵਿਚ ਸਫ਼ਰ ਕਰ ਰਹੀ ਲੇਖਿਕਾ ਨੇ ਇਕ ਮੰਗਤੇ ਨੂੰ ਇਹ ਗੀਤ ਗਾਉਂਦਿਆਂ ਸੁਣਿਆਂ

ਜਦੋਂ ਵੀਰ ਭਗਤ ਸਿੰਘ ਦੱਤ ਨੂੰ ,

ਦਿਤਾ ਫਾਂਸੀ ਦਾ ਹੁਕਮ ਸੁਣਾ।

ਉਹਦੀ ਹੋਣ ਵਾਲੀ ਨਾਰ ਨੂੰ ,

ਕਿਸੇ ਪਿੰਡ ਵਿਚ ਦੱਸਿਆ ਜਾ - ਲੇਖਿਕਾ ਨੇ ਦੇਖਿਆ ਇਕ ਸਟੇਸ਼ਨ ਆ ਗਿਆ ਸੀ ਅਤੇ ਮੰਗਤਾ ਇੱਕ ਡੱਬੇ ਵਿਚੋਂ ਉਤਰ ਕੇ ਦੂਸਰੇ ਡੱਬੇ ਵਿਚ ਚੜ੍ਹ ਗਿਆ। ਲੇਖਿਕਾ ਸੋਚਣ ਲਗ ਪਈ ਕਿ ਜਦੋਂ ਸਰਦਾਰ ਭਗਤ ਸਿੰਘ ਨੂੰ ਇਸ ਗਾਣੇ ਅਨੁਸਾਰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਹੋਵੇਗੀ ਤਾਂ ਉਸਦੀ ਮੰਗੇਤਰ ਦੇ ਦਿਲ ਤੇ ਕੀ ਵਾਪਰਿਆ ਹੋਵੇਗਾ। ਇਸ ਨੂੰ ਸੋਚਣ ਲਈ ਲੇਖਿਕਾ ਦੇ ਵਿਚਾਰ ਇਸ ਤਰ੍ਹਾਂ ਦੌੜ ਰਹੇ ਸਨ ਜਿਸ ਤਰਾਂ ਗੱਡੀ ਦੇ ਨਾਲ - ਨਾਲ ਧਰਤੀ ਤੇ ਰੁੱਖ ਦੌੜ ਰਹੇ ਸਨ। ਲੇਖਿਕਾ ਸੋਚਦੀ - ਸੋਚਦੀ ਉਸ ਪਿੰਡ ਚਲੀ ਗਈ , ਜਿੱਥੇ ਸਰਦਾਰ ਭਗਤ ਸਿੰਘ ਦੀ ਮੰਗੇਤਰ ਇਕ ਸੋਹਣੀ ਕੁੜੀ ਬੈਠੀ ਚਰਖਾ ਕੱਤ ਰਹੀ ਸੀ। ਲੇਖਕਾ ਦੇ ਪੁੱਛਣ ਤੇ ਉਸ ਦੱਸਿਆ ਕਿ ਇੱਜਤ ਖਾਤਰ ਉਸ ਦੀ ਉਮਰ ਇਸੇ ਤਰ੍ਹਾਂ ਬਤੀਤ ਹੋ ਗਈ। ਉਸਨੇ ਮਿਹਨਤ ਕੀਤੀ , ਕੱਤਿਆ , ਪੀਸਿਆ ਤੇ ਮਜ਼ਦੂਰੀ ਕੀਤੀ ਪਰ ਭਗਤ ਸਿੰਘ ਦੇ ਨਾਂ ਨੂੰ ਲਾਜ ਨਹੀਂ ਲੱਗਣ ਦਿੱਤੀ। ਲੇਖਿਕਾ ਦੇ ਪੁੱਛਣ ਤੇ ਕਿ ਉਸ ਦੇ ਮਾਪਿਆਂ ਨੂੰ ਉਸ ਦਾ ਕੋਈ ਖਿਆਲ ਨਹੀਂ ਹੈ। ਉਸ ਜਵਾਬ ਦਿੱਤਾ ਇਹ ਕੋਈ ਇਕ ਦੋ ਦਿਨਾਂ ਜਾਂ ਮਹੀਨਿਆਂ ਦਾ ਮਾਮਲਾ ਨਹੀਂ ਸੀ ਇਹ ਤਾਂ ਸਾਰੇ ਜੀਵਨ ਦਾ ਵਾਹ ਸੀ। ਮਾਪੇ ਕਿੰਨਾ ਕੁ ਚਿਰ ਕਰ ਸਕਦੇ ਸਨ ਫਿਰ ਉਸ ਨੂੰ ਵੀ ਬੁਰਾ ਭਲਾ ਆਖਦੇ ਜੋ ਵਿਚਕਾਰ ਹੀ ਛੱਡ ਗਿਆਂ ਸੀ। ਲੇਖਿਕਾ ਨੇ ਕਿਹਾ ਸਰਕਾਰ ਤੋਂ ਉਸ ਨੂੰ ਸਹਾਇਤਾ ਮਿਲ ਸਕਦੀ ਸੀ। ਉਸ ਜਵਾਬ ਦਿੱਤਾ ਇਕ ਸ਼ਹੀਦ ਦੀ ਮੰਗੇਤਰ ਹੋ ਕੇ ਸਹਾਇਤਾ ਮੰਗਣੀ ਚੰਗੀ ਨਹੀਂ ਲਗਦੀ। ਅਜਿਹੀਆਂ ਗੱਲਾਂ ਸੁਣ ਕੇ ਲੇਖਕਾਂ ਦਾ ਦਿਲ ਇਸ ਮਹਾਨ ਕੁੜੀ ਦੇ ਪੈਰ ਚੁੰਮਣ ਲਈ ਕੀਤਾ। ਉਹ ਬਹੁਤ ਸਿਦਕ ਵਾਲੀ ਤੇ ਸਿਰੜੀ ਸੀ। ਲੇਖਿਕਾਂ ਦੇ ਪੁੱਛਣ ਤੇ ਉਸ ਨੇ ਦੱਸਿਆ ਕਿ ਮੈਂ ਉਸ ( ਸ਼ਹੀਦ ) ਦੇ ਪਿੰਡ ਕਿਵੇਂ ਜਾ ਸਕਦੀ ਹਾਂ ਜਿਸ ਨੇ ਮੈਨੂੰ ਸੇਹਰੇ ਬੰਨ੍ਹ ਕੇ ਲੈਣ ਆਉਣਾ ਸੀ। ਲੇਖਿਕਾ ਨੇ ਕਿਹਾ ਇਹ ਗੱਲ ਬਹੁਤ ਪੁਰਾਣੀ ਹੋ ਗਈ ਹੈ ਪਰ ਉਸ ਝੱਟ ਉੱਤਰ ਦਿੱਤਾ ਇਹ ਤਾਂ ਅਜੇ ਕੱਲ੍ਹ ਹੋਈ ਹੈ। ਸ਼ਹੀਦ ਦੀ ਮੰਗੇਤਰ ਨੇ ਦੱਸਿਆ ਇਕ ਵਾਰ ਉਸ ( ਭਗਤ ਸਿੰਘ ਨੇ ਮੈਨੂੰ ਘਰੋਂ ਬੁਲਾ ਕੇ ਆਖਿਆ ਸੀ ਮੈਨੂੰ ਅਜੇ ਕੰਮ ਹੈ ਮੈਂ ਛੇਤੀ ਆ ਕੇ ਵਿਆਹ ਕਰਾਵਾਂਗਾ ਪਰ ਉਹ ਅਜੇ ਤਕ ਨਹੀਂ ਆਏ ਮੈਂ ਉਡੀਕ ਰਹੀ ਹਾਂ।

ਲੇਖਿਕਾ ਨੂੰ ਇਕ ਗੀਤ ਯਾਦ ਆਇਆ - " ਸਾਡਾ ਘਰ ਸਜ਼ਨੀਏ ਏਡੀ ਦੂਰ , ਤਾਂ ਨਹੀਂ ਸੀ ਕਿ ਉਮਰ ਭਰ ਫੇਰਾ ਨਾ ਪਾਇਆ।" ਇਨ੍ਹਾਂ ਸ਼ਬਦਾਂ ਦੀ ਤੜਪ ਉਸ ਦੇ ਮੂੰਹ ਉੱਤੋਂ ਦਿਖਾਈ ਦੇ ਰਹੀ ਸੀ। ਲੇਖਿਕਾ ਨੇ ਸ਼ਹੀਦ ਦੀ ਮੰਗੇਤਰ ਨੂੰ ਲੰਬੀ ਉਮਰ ਵਾਲੀ ਹੋਣ ਦੀ ਅਸੀਸ ਦਿੱਤੀ। ਉਸ ਆਖਿਆ ਮੈਨੂੰ ਲੰਬੀ ਉਮਰ ਦੀ ਲੋੜ ਨਹੀਂ ਹੈ ਮੈਂ ਤਾਂ ਇਹ ਦਿਨ ਵੀ ਬੜੀ ਹੀ ਮੁਸ਼ਕਲ ਨਾਲ ਲੰਘਾ ਰਹੀ ਹਾਂ। ਲੇਖਕਾ ਨੇ ਹਾਲ ਬਦਲਣ ਲਈ ਆਖਿਆ। ਉਹ ਉਸ ਨਾਲ ਸ਼ਹਿਰ ਚੱਲੇ , ਉਸ ਦੀ ਭੈਣ ਦਾ ਵਿਆਹ ਹੈ।

ਸ਼ਹੀਦ ਦੀ ਮੰਗੇਤਰ ਨੇ ਜਵਾਬ ਦਿੱਤਾ। ਖ਼ੁਸ਼ੀਆਂ ਦੇ ਮੌਕੇ ਉਸ ਪਾਸੇ ਭੁਲੇਖੇ ਨਹੀਂ ਜਾਂਦੇ। ਉਹ ਗ਼ਮਾਂ ਤੋਂ ਇਕ ਪਲ ਵੀ ਦੂਰ ਨਹੀਂ ਰਹਿ ਸਕਦੀ॥ ਕਈ ਵਾਰ ਉਹ ਸੋਚਦੀ ਕਿ ਕੋਈ ਆ ਕੇ ਕਦੇ ਉਹ ਮਰੇ ਨਹੀਂ ਉਨ੍ਹਾਂ ਨੂੰ ਫਾਂਸੀ ਨਹੀਂ ਲੱਗੀ। ਉਹ ਜੀਉਂਦੇ ਹਨ ਜਾਂ ਉਹ ਸੱਚੀ ਹੀ ਆ ਜਾਣ ਤਾਂ ਉਹ ਇਨ੍ਹਾਂ ਤਕਦੀਰਾਂ ਨੂੰ ਆਖੇ ਦੂਰ ਨਾ ਖਲੋਵੇ ਉਹ ਵੀ ਕਿਸੇ ਦੀ ਭੈਣ ਹੈ। ਕਿਸੇ ਦੀ ਧੀ ਹੈ। ਲੇਖਿਕਾ ਨੇ ਦੱਸਿਆ ਸਾਡਾ ਦੇਸ਼ ਬਹੁਤ ਉੱਨਤੀ ਕਰ ਰਿਹਾ ਹੈ। ਸਰਦਾਰ ਭਗਤ ਸਿੰਘ ਦੇ ਸੁਪਨੇ ਪੂਰੇ ਹੋ ਰਹੇ ਹਨ। ਉਸ ਨੂੰ ਵੀ ਨਵੇਂ ਚੜ੍ਹੇ ਵਰ੍ਹੇ ਵਿਚ ਕੋਈ ਹਿੱਸਾ ਪਾਉਣਾ ਚਾਹੀਦਾ ਹੈ। ਇਹ ਸੁਣ ਕੇ ਉਸ ਦੇ ਮੂੰਹ ਉੱਤੇ ਉਦਾਸੀ ਛਾ ਗਈ ਅਤੇ ਉਹ ਲੇਖਿਕਾ ਵੱਲ ਤੱਕਣ ਲਗ ਪਈ ਜਿਵੇਂ ਉਹ ਕਹਿ ਰਹੀ ਹੋਵੇ " ਪਿਛਲਾ ਵਰਾ ਰੋ ਕੇ ਦੂਰ ਚਲਿਆ। ਅਗਲਾ ਵੀ ਖੜਾ ਉਦਾਸ , ਕਿਹੜੇ ਤੋਂ ਮੁਨੀ ਸਰਾਪਿਆ। ਤੂੰ ਮੁੜ ਨਾ

ਪੁਛੀ ਵਾਤ" ਲੇਖਿਕਾ ਦੇ ਪੁੱਛਣ ਤੇ ਉਸ ਇਕ ਵੱਡਾ ਹੌਕਾ ਲਿਆ ਜਿਵੇਂ ਆਖ ਰਹੀ ਹੋਵੇ ਕਿ ਚਾਨਣੀਆਂ ਰਾਤਾਂ ਉਸ ਨੂੰ ਪੁੱਛਦੀਆਂ ਹਨ। ਤੇਰੀ ਨੀਂਦ ਕਿੱਥੇ ਗਈ ਹੈ ਤੇ ਤੇਰੀ ਸੂਰਤ ਕਿੱਥੇ ਖੋਹੀ ਗਈ ਹੈ। ਲੇਖਿਕਾ ਨੇ ਉਸਦੇ ਮੂੰਹ ਵੱਲ ਤੱਕਿਆ : ਨਾਨਕ ਸਤੀਆ ਜਾਣੀਅਨਿ , ਜਿ ਬਿਰਹੋ ਚੋਟ ਮਰੰਨਿ।

ਜਦੋਂ ਇਸ ਤੁਕ ਅੱਗੇ ਲੇਖਿਕਾ ਦਾ ਸਿਰ ਝੁਕਿਆ ਤਾਂ ਉਸ ਦੀ ਨਜ਼ਰ ਮੰਗੇਤਰ ਦੀ ਟੁੱਟੀ ਹੋਈ ਜੁੱਤੀ ਤੇ ਪਈ। ਉਸ ਦੀ ਕਮੀਜ਼ ਨੂੰ ਵੀ ਟਾਕੀਆਂ ਲੱਗੀਆਂ ਹੋਈਆਂ ਸਨ। ਉਸ ਦੀ ਮੰਗੇਤਰ ਨੇ ਦੱਸਿਆ ਉਹ ( ਭਗਤ ਸਿੰਘ ) ਬਹੁਤ ਸੋਹਣਾ ਸੀ। ਸਾਰੇ ਪਿੰਡ ਦੀਆਂ ਕੁੜੀਆਂ ਦੇ ਪ੍ਰਾਹੁਣਿਆਂ ਨਾਲੋਂ ਵੱਧ ਸੋਹਣਾ ਸੀ। ਇਸ ਤਰਾਂ ਗੱਲਾਂ ਕਰਦਿਆਂ ਉਸ ਦਾ ਗਲਾ ਭਰ ਆਇਆ। ਉਹ (ਮੰਗੇਤਰ ) ਆਪਣੇ ਹੱਥਾਂ ਵਲ ਵੇਖ ਰਹੀ ਸੀ ਜਿਵੇਂ ਦੇਖ ਰਹੀ ਹੋਵੇ ਕਿ ਮੇਰੀ ਕਿਸਮਤ ਕਿਸ ਤਰਾਂ ਦੀ ਲਿਖ ਦਿੱਤੀ ਹੈ। ਲੇਖਿਕਾ ਨੇ ਉਸ ਵਲ ਵੇਖਿਆ ਉਸ ਨੂੰ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਉਸ ਦੀਆਂ ਅੱਖਾਂ ਵਿਚ ਅੱਗ ਬਲ ਰਹੀ ਹੋਵੇ। ਲੇਖਿਕਾ ਨੂੰ ਇਉਂ ਜਾਪ ਰਿਹਾ ਸੀ ਜਿਵੇਂ ਉਹ ਨਾਗਣ ਦਾ ਰੂਪ ਧਾਰਨ ਕਰ ਰਹੀ ਹੋਵੇ ਅਤੇ ਭਗਤ ਸਿੰਘ ਦੇ ਸਾਰੇ ਕਾਤਲਾਂ ਨੂੰ ਡਸ ਰਹੀ ਹੋਵੇ। ਲੇਖਿਕਾਂ ਨੇ ਉਸ ਦਾ ਦਰਦ ਵੰਡਾਦਿਆਂ ਆਖਿਆ ਕਿ ਉਸ ਨੂੰ ਉਦਾਸ ਨਹੀਂ ਹੋਣਾ ਚਾਹੀਦਾ। ਸਰਦਾਰ ਭਗਤ ਸਿੰਘ ਕੇਵਲ ਉਸਦਾ ਹੀ ਨਹੀਂ , ਸਗੋਂ ਸਭ ਦਾ ਸੀ। ਉਸ ਦੇ ਮਰਨ ਦਾ ਦੁੱਖ ਉਸ ਨੂੰ ਹੀ ਨਹੀਂ , ਸਗੋਂ ਸਾਰੇ ਦੇਸ਼ ਨੂੰ ਹੈ। ਇਸ ਤਰ੍ਹਾਂ ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਲੇਖਿਕਾ ਨੇ ਸੋਚਿਆ ਧਰਤੀ ਆਕਾਸ ਵੀ ਉਸ ਨੂੰ ਤਸੱਲੀ ਦਿੰਦੇ ਹੋਣਗੇ। ਲੇਖਿਕਾ ਇਹ ਸੋਚ ਹੀ ਰਹੀ ਸੀ ਕਿ ਗੱਡੀ ਖੜ੍ਹੀ ਹੋ ਗਈ ਸਟੇਸ਼ਨ ਆ ਚੁੱਕਾ ਸੀ। ਇਹ ਉਹੀ ਮੰਗਤਾ ਉਹੀਂ ਪਹਿਲਾ ਗੀਤ " ਜਦੋਂ ਵੀਰ ਭਗਤ ਸਿੰਘ ਦੱਤ ਨੂੰ " ਗਾਉਂਦਾ ਹੋਇਆ ਡੱਬੇ ਦੇ ਅੱਗੋਂ ਦੀ ਗੁਜ਼ਰ ਰਿਹਾ ਸੀ।

# ਕੇਂਦਰੀ ਭਾਵ

**ਟੁਕੜੀ ਜੱਗ ਤੋਂ ਨਯਾਰੀ- ਭਾਈ ਵੀਰ ਸਿੰਘ**

ਕਸ਼ਮੀਰ ਦੁਨੀਆਂ ਦੀ ਉਹ ਵਿਲੱਖਣ ਧਰਤੀ ਹੈ ਜਿਸ ਕੁਦਰਤ ਨੇ ਆਪਣੀਆਂ ਕੁੱਲ ਬਖ਼ਸ਼ਿਸ਼ਾਂ ਨਾਲ ਨਿਹਾਲ ਕੀਤਾ ਹੈ।ਕੁਦਰਤ ਦੇ ਇਹਨਾਂ ਨਜ਼ਾਰਿਆਂ ਵਿੱਚ ਕਿਸੇ ਅਸਮਾਨੀ ਸੁੰਦਰਤਾ ਦਾ ਵਾਸ ਹੈ।

**ਪੁਰਾਣੇ ਪੰਜਾਬ ਨੂੰ ਅਵਾਜ਼ਾਂ - ਪ੍ਰੋ. ਪੂਰਨ ਸਿੰਘ**

ਨਵੀਨਤਾ ਦੇ ਅੱਖਾਂ ਚੁੰਧਿਆ ਦੇਣ ਵਾਲੇ ਚਾਨਣ ਰੱਦ ਕਰਦਾ ਕਵੀ ਪਰੰਪਰਾ ਦੀ ਚਮਕ ਲਈ ਤਾਂਘਦਾ ਹੈ।ਪਰੰਪਰਾ ਦ੍ਰਿਸ਼ ਵਿੱਚੋਂ ਪੰਜਾਬ ਦਾ ਕਣ ਕਣ ਉਸਨੂੰ ਸਾਂਝ ਅਤੇ ਪਿਆਰ ਨਾਲ ਗੜੁਚਿਆ ਨਜ਼ਰ ਆਉਂਦਾ ਹੈ।

**ਵਗਦੇ ਪਾਣੀ - ਡਾ. ਦੀਵਾਨ ਸਿੰਘ ਕਾਲੇਪਾਣੀ**

ਜ਼ਿੰਦਗੀ ਦੀ ਖ਼ੂਬਸੂਰਤੀ ਇਸਦੀ ਗਤੀਸ਼ੀਲਤਾ ਵਿੱਚ ਹੈ।ਨਵੇਂ ਉੱਦਮ ਜ਼ਿੰਦਗੀ ਦੀ ਤਾਜ਼ਗੀ ਬਰਕਰਾਰ ਰੱਖਦੇ ਹਨ। ਖੜੋਤ ਜ਼ਿੰਦਗੀ ਦੀ ਸਾਰੀ ਖ਼ੂਬਸੂਰਤੀ ਦਾ ਨਾਸ਼ ਕਰ ਦਿੰਦੀ ਹੈ।

**ਤਾਜ ਮਹਲ - ਪ੍ਰੋ. ਮੋਹਨ ਸਿੰਘ**

ਲੱਖਾਂ ਗਰੀਬਾਂ , ਮਜ਼ਦੂਰਾਂ ਦਾ ਸ਼ੋਸ਼ਣ ਕਰਕੇ ਉਸਾਰੀ ਗਈ ਖ਼ੂਬਸੂਰਤੀ ਅਸਲ ਖ਼ੂਬਸੂਰਤੀ ਨਹੀਂ ਹੁੰਦੀ।

**ਚੁੰਮ ਚੁੰਮ ਰੱਖੋ - ਨੰਦ ਲਾਲ ਨੂਰਪੁਰੀ**

ਵਿਪਰੀਤ ਪ੍ਰਸਥਿਤੀਆਂ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਯੁੱਧ ਦੇ ਮੈਦਾਨ ਵਿੱਚ ਹਿੱਕਾਂ ਤਾਣ ਕੁੱਦ ਪਏ।ਮਾਂ ਗੁਜਰੀ ਨੂੰ ਉਹਨਾਂ ਦੀ ਵਾਪਸੀ ਦਾ ਯਕੀਨ ਸੀ ਪਰ ਸਾਹਿਬਜ਼ਾਦਿਆਂ ਨੇ ਆਪਣੀ ਪਰਿਵਾਰਕ ਪਰੰਪਰਾ ਦੀ ਪੈੜ ਵਿੱਚ ਪੈੜ ਧਰਦਿਆਂ ਕੁਰਬਾਨੀ ਦਾ ਰਾਹ ਚੁਣ ਲਿਆ ਸੀ।

**ਦੋਸਤਾ - ਪਿਆਰਾ ਸਿੰਘ ਸਹਿਰਾਈ**

ਹਿੰਮਤ , ਲਗਨ , ਮਿਹਨਤ ਅਤੇ ਕਿਰਤ ਮਨੁੱਖੀ ਜੀਵਨ ਦੇ ਉਸਾਰੂ ਮੁੱਲ ਹਨ , ਇਹਨਾਂ ਨੂੰ ਧਾਰਨ ਕਰਨ ਵਿੱਚ ਹੀ ਮਨੁੱਖ ਦੀ ਬਿਹਤਰੀ ਹੈ।

**ਵਾਰਿਸ ਸ਼ਾਹ - ਅੰਮ੍ਰਿਤਾ ਪ੍ਰੀਤਮ**

ਪੰਜਾਬ ਦੀ ਧਰਤੀ ਉਹ ਧਰਤੀ ਹੈ ਜਿੱਥੇ ਕਣ - ਕਣ ਵਿੱਚੋਂ ਪਿਆਰ , ਜਸ਼ਨ ਅਤੇ ਜ਼ਿੰਦਾਦਿਲੀ ਦੀ ਖੁਸ਼ਬੋ ਆਉਂਦੀ ਰਹੀ ਪਰ ਦੇਸ਼ ਵੰਡ ਸਮੇਂ ਇੱਥੇ ਨਫ਼ਰਤ ਦੇ ਅਜਿਹੇ ਬੀਜ ਪੁੰਗਰੇ ਕਿ ਪੰਜਾਬ ਦੇ ਚਾਰ - ਚੁਫੇਰੇ ਹਿੰਸਾ , ਮਾਤਮ ਅਤੇ ਭੈਅ ਛਾ ਗਿਆ।

**ਮੇਰਾ ਬਚਪਨ - ਹਰਿਭਜਨ ਸਿੰਘ**

ਜਦੋਂ ਪਿਉ ਦਾ ਸਾਇਆ ਸਿਰ ਉੱਤੇ ਨਾ ਹੋਵੇ ਉਦੋਂ ਬਚਪਨ ਬਚਪਨ ਜਿਹਾ ਨਹੀਂ ਰਹਿੰਦਾ ਸਗੋਂ ਅਜਿਹਾ ਬਚਪਨ ਮੁਸ਼ਕਿਲਾਂ ਤੇ ਜ਼ਿੰਮੇਵਾਰੀਆਂ ਦੇ ਬੋਝ ਹੇਠ ਦਬ ਜਾਂਦਾ ਹੈ।

**ਗੀਤ - ਸ਼ਿਵ ਕੁਮਾਰ ਬਟਾਲਵੀ**

ਦਰਦ , ਵਿਛੋੜੇ ਅਤੇ ਪੀੜ ਵਿਚੋਂ ਉਤਪੰਨ ਨਿਰਾਸ਼ਾ ਜ਼ਿੰਦਗੀ ਦੀ ਖ਼ੂਬਸੂਰਤੀ ਨਜ਼ਰ ਨਹੀਂ ਆਉਣ ਦਿੰਦੀ ਅਤੇ ਜ਼ਿੰਦਗੀ ਨਾਲੋਂ ਮੌਤ ਦੀ ਚਾਹਤ ਪ੍ਰਬਲ ਹੋ ਉੱਠਦੀ ਹੈ।

**ਐਵੇਂ ਨਾ ਬੁੱਤਾਂ ' ਡੋਲ੍ਹੀ ਜਾ ਪਾਣੀ - ਸੁਰਜੀਤ ਪਾਤਰ**

ਪਾਣੀ ਇਸ ਧਰਤੀ ' ਤੇ ਜੀਵਨ ਲਈ ਪਹਿਲੀ ਤੇ ਮਹੱਤਵਪੂਰਨ ਲੋੜ ਹੈ। ਪਾਣੀ ਦਾ ਰੁੱਖਾਂ ਨਾਲ ਗਹਿਰ ਸਬੰਧ ਹੈ। ਰੁੱਖ ਜੀਵਨ ਦਾਤੇ ਹਨ। ਪਾਣੀ ਦਾ ਸੰਕਟ ਇਸ ਧਰਤੀ ਦੇ ਜੀਵਨ ਲਈ ਘਾਤਕ ਹੋਵੇਗਾ ਸੋ ਪਾਣੀ ਨੂੰ ਅਜਾਈਂ ਨਹੀਂ ਗਵਾਉਣਾ ਚਾਹੀਦਾ ਸਗੋਂ ਇਸ ਦੀ ਸੰਭਾਲ ਕਰਨੀ ਚਾਹੀਦੀ ਹੈ।